ਸਰੀ:-ਸਰੀ ਕੌਂਸਲ ਦੇ ਐਲਾਨੇ ਗਏ ਨਤੀਜਿਆਂ ਤੋਂ ਤੁਰੰਤ ਬਾਦ ਡੱਗ ਮੈਕਲਮ ਤੇ ਉਹਨਾਂ ਦੇ ਸਮਰਥਕਾਂ ਵਿਚਾਲੇ ਖੁਸ਼ੀ ਦੀ ਲਹਿਰ ਦੌੜ ਗਈ। ਬੌਬੇ ਬੈਕੁਇਟ ਹਾਲ ਵਿਚ ਇਕੱਤਰ ਹੋਏ ਸਮਰਥਕ ਖੁਸ਼ੀ ਵਿਚ ਝੂਮ ਉਠੇ ਤੇ ਢੋਲ ਦੇ ਡੱਗੇ ਦੀ ਤਾਲ ਤੇ ਜੰਮਕੇ ਭੰਗੜਾ ਪਾਇਆ। ਇਸ ਮੌਕੇ ਉਘੇ ਕਬੱਡੀ ਪ੍ਰਮੋਟਰ ਪਰਸਿੱਧ ਬਿਜ਼ਨਿਸ ਮੈਨ ਬਲਵੀਰ ਸਿੰਘ ਬੈਂਸ ਤੇ ਨੁਨੈਮੋ ਤੋਂ ਉਘੇ ਬਿਜਨਸਮੈਨ ਰਾਜ ਬੰਗਾ ਤੇ ਸਾਥੀਆਂ ਨੇ ਡੱਗ ਮੈਕਲਮ ਦੀ ਜਿੱਤ ਤੇ ਵਧਾਈ ਦਿੱਤੀ। ਬਲਵੀਰ ਬੈਂਸ ਤੇ ਰਾਜ ਬੰਗਾ ਨੇ ਸਮੂਹ ਵੋਟਰਾਂ ਨੂੰ ਡੱਗ ਮੈਕਲਮ ਦੀ ਟੀਮ ਦੀ ਜਿੱਤ ਤੇ ਵਧਾਈਆਂ ਦਿੱਤੀਆਂ। ਜਿਕਰਯੋਗ ਹੈ ਕਿ ਡੱਗ ਮੈਕਲਮ ਦੀ ਟੀਮ ਦੀ ਚੋਣ ਮੁਹਿੰਮ ਦੀ ਸ਼ੁਰੂਆਤ ਬਲਵੀਰ ਬੈਂਸ ਦੇ ਘਰ ਤੋਂ ਕੀਤੀ ਗਈ ਸੀ ਜਿਸ ਲਈ ਉਹ ਡੱਗ ਦੀ ਟੀਮ ਦੀ ਜਿੱਤ ਤੇ ਬਾਗੋਬਾਗ ਹਨ।

AYURHEALING INC

"AyurHealing inc" ਵੈਨਕੂਵਰ (ਬੀ.ਸੀ.) ਏਰੀਆ 'ਚ ਰੇਖਾ ਜੀ ਦਾ ਇਕੋ ਇੱਕ ਸਟੋਰ ਹੈ।
ਇਹ ਸਟੋਰ ਪਾਇਲ ਬਿਜਨਸ ਸੈਂਟਰ ਵਿੱਚ ਹੈ, ਜਿਥੇ ਹਰ ਤਰ੍ਹਾਂ ਦੀਆਂ ਅਸਲੀ ਦਵਾਈਆਂ (ਸਿਰਫ ਇਸੇ ਸਟੋਰ ਤੋਂ) ਮਿਲਦੀਆਂ ਹਨ।

ਕੋਈ ਵੀ ਵਿਅਕਤੀ ਗੰਭੀਰ ਜੋੜਾਂ ਦੇ ਦਰਦ (osteoarthritis, rheumatoid, gout, fibromyalgia) ਜਾਂ ਕਮਜ਼ੋਰ ਇਮਿਊਨ ਸਿਸਟਮ ਜਾਂ ਆਟੋ ਇਮਿਊਨ ਬਿਮਾਰੀ ਤੋਂ ਦੁੱਖੀ ਹੈ ਤਾਂ ਅਸੀਂ ਉਸਦਾ ਸੁਰਖਿਅਤ ਅਤੇ ਬੜਾ ਪ੍ਰਭਾਵਸ਼ਾਲੀ ਇਲਾਜ ਕਰ ਸਕਦੇ ਹਾਂ। ਜਿੰਨ੍ਹਾਂ ਪੁਰਸ਼ਾਂ, ਔਰਤਾਂ ਅਤੇ ਬੱਚਿਆਂ ਨੂੰ ਪਾਚਨ ਨਾਲ ਸਬੰਧਤ ਬਿਮਾਰੀਆਂ ਅਤੇ ਭੁੱਖ ਨਹੀਂ ਲੱਗਦੀ, ਸਾਡੇ ਕੋਲ ਉਨ੍ਹਾਂ ਲਈ ਵੀ ਬਹੁਤ ਵਧੀਆ ਪ੍ਰੋਡਕਟ ਹਨ।

ਅੱਜ ਹੀ ਸਾਡੀ ਜਗ੍ਹਾ ਤੇ ਆਉ
ਅਸੀਂ ਤੁਹਾਡੀ ਮਦਦ ਲਈ ਹਮੇਸ਼ਾ ਹਾਜ਼ਰ ਹਾਂ

ਹਾਈਰਾਈਜ਼ ਕੈਪਸੂਲ ਸਮਾਂ ਵਧਾਉ ਕਰੀਮ ਅਤੇ ਤੇਲ



ਇਹ ਕੈਪਸੂਲ ਮਰਦਾਂ ਦੀ ਕਾਮ ਸ਼ਕਤੀ ਲਈ ਹੈ।ਇਹ ਵਿਆਗਰਾ ਦਾ ਹੀ ਕੁਦਰਤੀ ਬਦਲ ਹੈ, ਇਸ ਦਾ ਕੋਈ ਸਾਈਡ ਇਫੈਕਟ ਨਹੀਂ। ਇਸ ਦਾ 2-5 ਦਿਨ ਤੱਕ ਅਸਰ ਰਹਿੰਦਾ ਹੈ

ਸ਼ੂਗਰ ਕੰਟਰੋਲ ਫਾਰਮੂਲਾ



ਹਰਬਲ ਚੂਰਨ



ਪੁਰਾਣੀ ਕਬਜ਼, ਐਸਿਡ, ਹਾਜ਼ਮਾ ਅਤੇ ਪੇਟ ਦੇ ਹੋਰ ਰੋਗਾਂ ਲਈ ਲਾਹੇਵੰਦ

ਪਿਓਰ ਸ਼ਿਲਾਜੀਤ



ਸਾਡਾ ਸ਼ਿਲਾਜੀਤ ਮਾਰਕਿਟ ਨਾਲੋਂ ਪਿਓਰ ਹੈ, ਜੋ ਸਿਹਤ ਦੀਆਂ ਕਈ ਸਮੱਸਿਆਵਾਂ ਤੋਂ ਨਿਯਾਤ ਦਿਵਾਉਂਦਾ ਹੈ

ਬਰੇਨ & ਸਟ੍ਰੈਂਥ ਟਾਨਿਕ



ਸਟਰੈੱਸ, ਡਿਪਰੈਸ਼ਨ ਅਤੇ ਬਰੇਨ ਫੰਕਸ਼ਨ ਅਤੇ ਫੋਕਸ ਕਰਨ ਲਈ ਆਯੁਰਵੈਦਿਕ ਕੈਪਸੂਲ

ਸੈਣੀ ਹੇਅਰ ਪੈਕੇਜ



ਵਾਲ ਝੜਨ ਤੋਂ ਰੋਕਣ ਅਤੇ ਸਿੱਕਰੀ ਦੂਰ ਕਰਨ ਲਈ ਦੋ ਹਫਤੇ ਦਾ ਪੱਕਾ ਇਲਾਜ

ਪੇਨ ਗਾਰਡ ਆਇਲ



ਜੋੜਾਂ ਦੀ ਮਸਾਜ ਲਈ, ਖਿੱਚੇ ਹੋਏ ਮਸਲਜ, ਸਰੀਰ ਦੇ ਤਣਾਅ ਲਈ

ਮੈਨਜ਼ ਹਾਈਗਾਈਜ਼ ਆਇਲ



ਇਹ ਤੇਲ ਸਖਤਾਈ, ਖੂਨ ਦਾ ਸੰਚਾਰ ਅਤੇ ਸਾਈਜ਼ ਵੱਡਾ ਕਰਦਾ ਹੈ।

ਬਹੁਤ ਸਾਰੀਆਂ ਬਿਮਾਰੀਆਂ ਦੇ ਇਲਾਜ ਵਾਸਤੇ ਗਿਲੋਏ ਅੰਮ੍ਰਿਤਾ ਕੈਪਸੂਲ



ਟਰਮੈਰਿਕ ਫੇਸ ਆਇਲ



ਸਕਿਨ ਗਲੋਅ ਅਤੇ ਡਾਰਕ ਸਪੋਟ ਘੱਟ ਕਰਨ ਵਾਸਤੇ

ਡਰੱਗ ਟੈਸਟ ਡੀਟੋਕਸ ਲਿਕੁਅਡ



ਡਿਟੋਕਸ ਲਿਕੁਅਡ ਬਲੱਡ ਵਿਚ ਕੋਈ ਵੀ ਟਾਕਸੀਨ ਜਾਂ ਡਰੱਗ ਮਾਰ ਕਰਦਾ ਹੈ।ਅਨਜਾਣੀ ਵਧਾਉਂਦਾ ਹੈ ਅਤੇ ਸਰੀਰ ਨੂੰ ਵਿਟਾਮਿਨ ਦਿੰਦਾ ਹੈ

ਮੈਨਜ਼ ਪਾਵਰ ਬੂਸਟਰ



100% ਅਸਲੀ ਹਰਬਲ ਕੈਪਸੂਲ ਮਰਦਾਂ ਦੀ ਮਰਦਾਨਗੀ ਸ਼ਕਤੀ 15-25 ਦਿਨਾਂ ਵਿੱਚ ਵਧਾਉਣ ਵਾਸਤੇ

ਲਿਵਰ ਡਿਟੋਕਸ ਲੀਕੁਅਡ & ਕੈਪਸੂਲ



ਨੈਚੁਰਲ ਹੇਅਰ ਡਾਈ



ਡਾਈ, ਜਿਸ ਤੋਂ ਕੋਈ ਵੀ ਅਲਰਜ਼ੀ ਜਾਂ ਸਾਈਡ ਇਫੈਕਟ ਨਹੀਂ ਹੁੰਦਾ, ਮਰਦਾਂ ਅਤੇ ਔਰਤਾਂ ਦੋਹਾਂ ਲਈ।

ਕਿਡਨੀ ਡਿਟੋਕਸ ਲੀਕੁਅਡ & ਕੈਪਸੂਲ



ਗੁਰਦੇ ਸਾਫ ਕਰਦਾ ਹੈ, ਪਥਰੀਆਂ ਤੋੜਦਾ ਹੈ, ਗੁਰਦੇ ਦਾ ਕੰਮ ਠੀਕ ਕਰਦਾ ਹੈ, ਪਿਸ਼ਾਬ ਦਾ ਫਲੋ ਵਧਾਉਂਦਾ ਹੈ

ਪਿਓਰ ਦੇਸੀ ਘਿਓ



ਸਿਹਤ ਅਤੇ ਇਮਿਊਨ ਸਿਸਟਮ ਨੂੰ ਬੂਸਟ ਕਰਨ ਵਾਸਤੇ ਵਧੀਆ

ਆਯੁਰਵੈਦਿਕ ਹਾਈ ਬਲੱਡ ਪ੍ਰੈਸ਼ਰ ਦਵਾਈ



ਹਰਬਲ ਦਵਾਈ ਹਾਈ ਬਲੱਡ ਪ੍ਰੈਸ਼ਰ ਅਤੇ ਦਿਲ ਦੀਆਂ ਤਕਲੀਫਾਂ ਵਾਸਤੇ

ਬਵਾਸੀਰ ਪਾਊਡਰ



ਇਹ ਬਵਾਸੀਰ, ਖਾਜ ਅਤੇ ਜਲਣ ਘੱਟ ਕਰਦਾ ਹੈ।

ਹਰਬਲ ਮਲਟੀ ਵਿਟਾਮਿਨ ਔਰਤਾਂ ਅਤੇ ਮਰਦਾਂ ਵਾਸਤੇ



ਐਨਰਜੀ ਅਤੇ ਸ਼ਕਤੀ ਵਾਸਤੇ ਵਰਤੋ

ਸਿਹਤ ਨੂੰ ਬੂਸਟ ਕਰਨ ਵਾਸਤੇ ਮੋਰਿੰਗਾ ਕੈਪਸੂਲ



ਅਸੀਂ ਸਿਹਤ ਸਬੰਧੀ ਮੁਸ਼ਕਲਾਂ ਲਈ ਵੱਖ ਵੱਖ ਤਰ੍ਹਾਂ ਦੇ ਹਰਬਲ ਪਾਊਡਰ, ਚਾਹ ਅਤੇ ਤੇਲ ਰੱਖਦੇ ਹਾਂ। ਵਧੇਰੇ ਜਾਣਕਾਰੀ ਲਈ ਸਟੋਰ ਤੇ ਆਉ।

ਆਯੁਰਵੈਦਿਕ ਕੰਸਲਟੈਂਟ ਹਮੇਸ਼ਾ ਉਪਲਬਧ ਹਨ

ਸ਼ਰਾਬ ਪੀਣੀ ਛੱਡਣ ਲਈ ਹਰਬਲ ਦਵਾਈ - ਜੋ ਕਿ ਭੁੱਖ ਵਧਾਉਂਦੀ ਹੈ, ਇਸ ਦਾ ਲਿਵਰ ਤੇ ਕੋਈ ਨੁਕਸਾਨ ਨਹੀਂ ਹੈ

ਸਾਡੇ ਕੋਲ ਆਦਮੀਆਂ ਵਸਤੇ ਸਪੈਸ਼ਲ ਕੈਪਸੂਲ ਆਏ ਹਨ ਜੋ ਕਿ ਵਿਆਗਰਾ ਦੀ ਤਰ੍ਹਾਂ ਕੰਮ ਕਰਦੇ ਹਨ ਅਤੇ ਇਨ੍ਹਾਂ ਦਾ ਅਸਰ 3 ਦਿਨਾਂ ਤੱਕ ਰਹਿੰਦਾ ਹੈ।



ਰੇਖਾ

ਕੋਈ ਵੀ ਦਵਾਈ ਲੈਣ ਤੋਂ ਪਹਿਲਾਂ ਰੇਖਾ ਜੀ ਨੂੰ ਸੰਪਰਕ ਜ਼ਰੂਰ ਕਰੋ।
UNIT #165-8120-128 St, Surrey, B.C. V3W 1R1
Toll Free : 1-866-507-3350
604-537-7526

25 Years in Business

ਪ੍ਰੋਸਟੇਟ ਦਾ ਇਲਾਜ:
ਵਧੇ ਹੋਏ ਪ੍ਰੋਸਟੇਟ, ਘਟੇ ਹੋਏ ਸਪਰਮ, ਪਿੱਠ ਦਰਦ ਦੇ ਇਲਾਜ਼ ਅਤੇ ਪਿਸ਼ਾਬ ਦੇ ਫਲੋ ਲਈ ਦਵਾਈਆਂ ਉੱਪਲਬਧ ਹਨ

ਸਾਰੇ ਅਸਲੀ ਸੈਣੀ ਹਰਬਲ ਪ੍ਰੋਡਕਟਸ ਸਿਰਫ ਆਯੁਰਹੀਲਿੰਗ ਤੋਂ ਹੀ ਮਿਲਦੇ ਹਨ। ਤੁਸੀਂ ਸਿਰਫ ਰੇਖਾ ਅਤੇ ਰੀਟਾ ਤੋਂ ਹੀ ਖਰੀਦ ਸਕਦੇ ਹੋ।

DHOT LAW CORPORATION

*BARRISTERS & SOLICITORS *NOTARY PUBLIC

• Real Estate & Property • Family Law • Civil Litigation • Business Law • Wills & Estates
• Immigration Law •Criminal Law • Foreclosures • Builders Lien • Landlord/Tenant Disputes

ਅਸੀਂ ਪੰਜਾਬੀ/ਹਿੰਦੀ ਅਤੇ ਅੰਗਰੇਜੀ ਵਿਚ ਸੇਵਾਵਾਂ ਪ੍ਰਦਾਨ ਕਰਦੇ ਹਾਂ



Sahlvind S Dhot

• ਰੀਅਲ ਅਸਟੇਟ & ਪ੍ਰਾਪਰਟੀ • ਫੈਮਿਲੀ ਲਾਅ
• ਸਿਵਲ ਲਿਟੀਗੇਸ਼ਨ •ਬਿਜਨਸ ਲਾਅ •ਕ੍ਰਿਮੀਨਲ ਲਾਅ
• ਵਸੀਅਤ & ਅਸਟੇਟ • ਇੰਮੀਗਰੇਸ਼ਨ ਲਾਅ •ਬਿਲਡਰਜ ਲੀਨ
•ਫੋਰਕਲੋਜਰ • ਮਾਲਕ/ਕਿਰਾਏਦਾਰਾਂ ਦੇ ਵਿਵਾਦ


34 ਸਾਲ ਤੋਂ ਵੱਧ ਦਾ ਤਜਰਬਾ

Lawyers:
Indarpal S Dhot
Khashvind S Dhot
Sahlvind S Dhot

Ph: 604-501-1718
Email:info@dhotlaw.com
8259-120St Delta, BC V4C 6R1



Khashvind S Dhot


ਸਰੀ ਸਿਟੀ ਸੈਂਟਰ ਤੋਂ ਕਨਜ਼ਰਵੇਟਿਵ ਪਾਰਟੀ
ਦੇ ਨੌਜਵਾਨ ਉਮੀਦਵਾਰ ZEESHAN WAHLA ਨੂੰ
ਆਪਣਾ ਕੀਮਤੀ ਵੋਟ ਪਾ ਕੇ ਕਾਮਯਾਬ ਕਰੋ
ELECT
ZEESHAN
WAHLA
SURREY CITY CENTRE
CONSERVATIVE
PARTY OF BRITISH COLUMBIA

‘ਗੁਰੂ ਨਾਨਕ ਜਹਾਜ਼ ਐਲਾਨਨਾਮਾ’:ਬੀਸੀ ਸਰਕਾਰ ਵੱਲੋਂ ਚੁੱਪ-ਚੁਪੀਤੇ ਰੱਦ ਕਰਨ ਖਿਲਾਫ ਵਿਆਪਕ ਰੋਸ

ਕੰਜ਼ਰਵਟਿਵ ਬੀਸੀ ਉਮੀਦਵਾਰਾਂ ਨੇ ਸਰਕਾਰ ਬਣਦੇ ਸਾਰ ਗੁਰੂ ਨਾਨਕ ਜਹਾਜ਼ ਦਾ ਸਹੀ ਇਤਿਹਾਸ ਲਾਗੂ ਕਰਨ ਦੀ ਚੁੱਕੀ ਜ਼ਿੰਮੇਵਾਰੀ

ਸਰੀ (ਜੋਗਿੰਦਰ ਸਿੰਘ, ਸੁਖਮਿੰਦਰ ਸਿੰਘ ਬਰਾੜ ਭਗਤ ਭਾਈ ਕਾ)- ਗੁਰੂ ਨਾਨਕ ਜਹਾਜ਼ ਐਲਾਨਨਾਮੇ ਦਾ ਵਿਸ਼ਾ 1914 ਦੀ ਇਤਿਹਾਸਕ ਚੜ੍ਹਦੀ ਕਲਾ ਦੀ ਯਾਤਰਾ ਨਾਲ ਜੁੜਿਆ ਹੋਇਆ ਹੈ, ਗੁਰੂ ਨਾਨਕ ਜਹਾਜ਼ (ਜਿਸ ਦਾ ਅਸਲ ਨਾਂ ਯਾਤਰੀਆਂ ਵੱਲੋਂ ‘ਗੁਰੂ ਨਾਨਕ ਜਹਾਜ਼’ ਰੱਖਿਆ ਗਿਆ ਸੀ, ਜੋ ਕਿ ਕਾਮਾਗਾਟਾਮਾਰੂ ਸਟੀਮਸ਼ਿਪ ਕੰਪਨੀ ਤੋਂ ਛੇ ਮਹੀਨੇ ਲਈ ਕਿਰਾਏ ਤੇ ਲਿਆ ਗਿਆ ਸੀ) ਨੂੰ ਵੈਨਕੂਵਰ ਬੰਦਰਗਾਹ ‘ਤੇ ਦਾਖ਼ਲ ਹੋਣ ਤੋਂ ਰੋਕ ਦਿੱਤਾ ਗਿਆ ਸੀ। ਬੀ.ਸੀ. ਸਰਕਾਰ ਵੱਲੋਂ ਇਸ ਬਾਰੇ ਜਾਰੀ ਕੀਤੇ ਗਏ ਐਲਾਨਨਾਮੇ ਵਿੱਚੋਂ ‘ਗੁਰੂ ਨਾਨਕ ਜਹਾਜ਼’ ਨਾਂ ਨੂੰ ਬਿਨਾਂ ਕਿਸੇ ਜਨਤਕ ਨੋਟਿਸ ਜਾਂ ਸਪੱਸ਼ਟੀਕਰਨ ਦੇ ਚੁੱਪ-ਚੁਪੀਤੇ ਹਟਾਉਣ ਦੇ ਮੁੱਦੇ ‘ਤੇ ਗਦਰ ਮੈਮੋਰੀਅਲ ਸੁਸਾਇਟੀ, ਕੈਨੇਡਾ ਗੁਰੂ ਨਾਨਕ ਜਹਾਜ਼ ਹੈਰੀਟੇਜ ਸੁਸਾਇਟੀ ਬੀਸੀ ਕੈਨੇਡਾ, ਵਣਜਾਰਾ ਨੋਮੈਡ ਕੁਲੈਕਸਨਜ, ਸਥਾਨਕ ਸਭਿਆਚਾਰਕ, ਸਾਹਿਤਕ ਅਤੇ ਧਾਰਮਿਕ ਸੰਸਥਾਵਾਂ ਵੱਲੋਂ ਡੂੰਘੀਆਂ ਵਿਚਾਰਾਂ ਹੋਈਆਂ। ਇਸ ਮੌਕੇ ਤੇ ਬੀਸੀ ਸਰਕਾਰ ਦੇ ਇਸ ਫੈਸਲੇ ਦੀ ਸਖਤ ਨਿਖੇਧੀ ਕੀਤੀ ਗਈ, ਜਿਸ ਵਿੱਚ ਉਹਨਾਂ ਗੁਰੂ ਨਾਨਕ ਜਹਾਜ਼ ਸ਼ਬਦ ਹਟਾ ਕੇ ਐਲਾਨਨਾਮਾ ਵਾਪਸ ਕੀਤਾ।

ਇਸ ਮੌਕੇ ‘ਤੇ ਬੋਲਦਿਆਂ ਮੌਜੂਦਾ ਸੂਬਾਈ ਚੋਣ ਵਿੱਚ ਸਰੀ ਨੌਰਥ ਤੋਂ ਕੰਸਰਵੇਟਿਵ ਪਾਰਟੀ ਦੇ ਉਮੀਦਵਾਰ ਤੇ ਸਾਬਕਾ ਐਮਐਲਏ ਮਨਦੀਪ ਸਿੰਘ ਧਾਲੀਵਾਲ ਨੇ ਜ਼ਿੰਮੇਵਾਰੀ ਚੁੱਕਦਿਆਂ ਕਿਹਾ ਕੰਸਰਵਟਿਵ ਬੀਸੀ ਦੀ ਸਰਕਾਰ ਬਣਦੇ ਸਾਰ ਹੀ ਉਹ ਨਾ ਸਿਰਫ ਇਹ ਐਲਾਨਨਾਮਾ ਹੀ ਜਾਰੀ ਕਰਨਗੇ, ਬਲਕਿ ਵਿਦਿਆ ਖੇਤਰ ਵਿੱਚ ਵੀ ਗੁਰੂ ਨਾਨਕ ਜਹਾਜ਼ ਦੇ ਸਹੀ ਇਤਿਹਾਸ ਨੂੰ ਲਾਗੂ ਕਰਵਾਉਣ ਲਈ ਦ੍ਰਿੜ ਹੋਣਗੇ। ਸਰੀ ਨਿਊਟਨ ਤੋਂ ਕੰਸਰਵਟਿਵ ਪਾਰਟੀ ਦੇ ਉਮੀਦਵਾਰ ਡਾ ਹਰਜ ਧਾਲੀਵਾਲ ਨੇ ਕਿਹਾ ਕਿ ਉਹਨਾਂ ਦੀ ਸਰਕਾਰ ਬਣਦਿਆਂ ਹੀ ਜਿੱਥੇ ਗੁਰੂ ਨਾਨਕ ਜਹਾਜ਼ ਦਾ ਸਹੀ ਇਤਿਹਾਸ ਲਾਗੂ ਕੀਤਾ ਜਾਵੇਗਾ, ਉਥੇ ਸਾਡੇ ਇਤਿਹਾਸ ਨਾਲ ਸਬੰਧਤ ਸਾਰੇ ਪਹਿਲੂਆਂ ਨੂੰ ਸੱਚ ਦੀ ਕਸੌਟੀ ਅਨੁਸਾਰ ਮਾਨਤਾ ਦਿੱਤੀ ਜਾਵੇਗੀ। ਉਹਨਾਂ ਕਿਹਾ ਕਿ ਉਹ ਇਹ ਗੱਲ ਵਿਧਾਨ ਸਭਾ ਚ ਲੈ ਕੇ ਜਾਣਗੇ ਤੇ ਜੇਕਰ ਉਹਨਾਂ ਨੂੰ ਵਿਧਾਇਕ ਚੁਣਿਆ ਗਿਆ, ਤਾਂ ਉਹ ਹਰ ਹਾਲ ਵਿੱਚ ਗੁਰੂ ਨਾਨਕ ਜਹਾਜ਼ ਐਲਾਨਨਾਮਾ ਜਾਰੀ ਕਰਵਾਉਣਗੇ।

ਗੁਰੂ ਨਾਨਕ ਜਹਾਜ਼ ਹੈਰੀਟੇਜ ਸੁਸਾਇਟੀ ਦੇ ਵੱਲੋਂ ਡਾ ਗੁਰਵਿੰਦਰ ਸਿੰਘ ਧਾਲੀਵਾਲ ਨੇ ਇਤਿਹਾਸ ਬਾਰੇ ਪ੍ਰਮਾਣਾਂ ਸਹਿਤ ਗੱਲਬਾਤ ਕਰਦਿਆਂ ਭੁਲੇਖੇ ਦੂਰ ਕੀਤੇ ਅਤੇ ਗੁਰੂ ਨਾਨਕ ਜਹਾਜ਼ ਦੇ ਸਹੀ ਬਿਰਤਾਂਤ ਨੂੰ ਬਹਾਲ ਕਰਨ ਲਈ ਸੰਘਰਸ਼ ਜਾਰੀ ਰੱਖਣ ਦਾ ਅਹਿਦ ਲਿਆ। ਇੱਥੇ ਜ਼ਿਕਰ ਯੋਗ ਹੈ ਕਿ 25 ਤੋਂ ਵੱਧ ਧਾਰਮਿਕ, ਸਮਾਜਿਕ, ਸਭਿਆਚਾਰ, ਸਾਹਿਤਕ ਅਤੇ ਮਨੁੱਖੀ ਅਧਿਕਾਰ ਜਥੇਬੰਦੀਆਂ ਨੇ ਗੁਰੂ ਨਾਨਕ ਜਹਾਜ਼ ਨਾਂ ਦੀ ਬਹਾਲੀ ਲਈ ਬਚਨਵੱਧਤਾ ਪ੍ਰਗਟਾਉਂਦਿਆਂ, ਇਸ ਇਤਿਹਾਸ ਨੂੰ ਸੋਧਣ ਦੀ ਜ਼ੋਰਦਾਰ ਸ਼ਬਦਾਂ ਵਿੱਚ ਵਕਾਲਤ ਕੀਤੀ ਹੈ। ਹੋਰਨਾਂ ਬੁਲਾਰਿਆਂ ਵਿੱਚ ਗੁਰਮੁਖ ਸਿੰਘ ਦਿਓਲ, ਕੁਲਦੀਪ ਸਿੰਘ ਚਾਹਲ, ਬਲਬੀਰ ਸਿੰਘ ਸੰਘਾ, ਸੁਰਿੰਦਰ ਸਿੰਘ ਬੜਿੰਗ, ਬੀਬੀ ਸੁਖਵਿੰਦਰ ਕੌਰ, ਸ ਬਲਕਾਰ ਸਿੰਘ ਦੁਸਾਂਝ, ਕੇਸਰ ਸਿੰਘ ਕੂਨਰ, ਗਗਨ ਸਿੰਘ ਅਤੇ ਗੁਰਪ੍ਰੀਤ ਸਿੰਘ ਤਲਵੰਡੀ ਵਲੋਂ ਵਿਚਾਰ ਸਾਂਝੇ ਕੀਤੇ ਗਏ। ਹਾਜ਼ਰ ਸ਼ਖਸੀਅਤਾਂ ਵਿੱਚ ਸਰੀ ਦੇ ਨਾਮਜ਼ਦ ਡਿਪਟੀ ਮੇਅਰ ਮਨਦੀਪ ਸਿੰਘ ਨਾਗਰਾ ਦੇ ਪਿਤਾ ਸ ਜਗੀਰ ਸਿੰਘ ਨਾਗਰਾ, ਸੋਨੀ ਝਾਵਰ, ਭੁਪਿੰਦਰ ਸਿੰਘ ਘੱਗ, ਸਤਨਾਮ ਸਿੰਘ, ਹਰਪ੍ਰੀਤ ਸਿੰਘ, ਪੱਤਰਕਾਰ ਗੁਰਪ੍ਰੀਤ ਸਿੰਘ ਲੱਕੀ ਸਹੋਤਾ, ਅਮਰਪਾਲ ਸਿੰਘ, ਸੰਤੋਖ ਸਿੰਘ ਮੰਡੇਰ, ਨਿਰੰਜਨ ਸਿੰਘ ਲੇਹਲ, ਗੁਰਪ੍ਰੀਤ ਸਿੰਘ ਸੰਘੇੜਾ ਤਲਵੰਡੀ, ਮਨਪ੍ਰੀਤ ਸਿੰਘ, ਮਲਕੀਅਤ ਸਿੰਘ, ਰਵੀ ਕਾਂਤ, ਸਰਬਰਾਜ ਸਿੰਘ ਕਾਹਲੋਂ, ਪਰਮਿੰਦਰ ਸਿੰਘ ਥਿੰਦ, ਤੀਰਥ ਸਿੰਘ ਖਾਬੜਾ ਤੇ ਮਹਿੰਦਰਪਾਲ ਸਿੰਘ



ਸੇਠੀ ਸਮੇਤ ਉੱਘੀਆਂ ਹਸਤੀਆਂ ਸ਼ਾਮਿਲ ਹੋਈਆਂ।

ਸਮਾਗਮ ਦਾ ਸੰਚਾਲਨ ਡਾਕਟਰ ਜਸਜੋਤ ਸਿੰਘ ਮਾਨ ਨੇ ਬਾਖੂਬੀ ਨਿਭਾਇਆ । ਸਮੁੱਚੇ ਰੂਪ ‘ਚ ਇਹ ਸਮਾਗਮ ਬੀਸੀ ਸਰਕਾਰ ਵੱਲੋਂ ਗੁਰੂ ਨਾਨਕ ਜਹਾਜ਼ ਐਲਾਨਨਾਮਾ ਵਾਪਸ ਕੀਤੇ ਜਾਣ ਦੇ ਗਲਤ ਫੈਸਲੇ ਨੂੰ ਰੱਦ ਕਰਨ ਅਤੇ ਲੋਕਾਂ ਨੂੰ ਸੁਚੇਤ ਕਰਨ ਵਿੱਚ ਸਫਲ ਰਿਹਾ।

ਪੰਜਾਬੀ ਨੇ ਗੁਰਦੁਆਰਾ ਸਾਹਿਬ ਦਾ ਸੇਵਾਦਾਰ ਬਣ ਕੇ ਮਾਰੀ 80 ਲੱਖ ਰੁਪਏ ਦੀ ਠੱਗੀ

ਬਰਨਾਲਾ : ਪੰਜਾਬ ਵਿੱਚ ਬਰਨਾਲਾ ਦਾ ਰਹਿਣ ਵਾਲਾ ਇੱਕ ਸਿੱਖ ਵਿਅਕਤੀ ਜਰਮਨੀ ਦੇ ਹੈਮਬਰਗ ਅਤੇ ਵਾਈਨਹਾਈਮ ਸਥਿਤ ਗੁਰਦੁਆਰਿਆਂ ਵਿੱਚ ਸੇਵਾਦਾਰ ਬਣ ਕੇ ਲਗਭਗ 80 ਲੱਖ ਰੁਪਏ ਦੀ ਠੱਗੀ ਕਰਕੇ ਗਾਇਬ ਹੋ ਗਿਆ। ਜਰਮਨੀ ਦੇ ਗੁਰਦੁਆਰਾ ਸਾਹਿਬ ਦੀ ਸੰਗਤ ਨੇ ਦੋਸ਼ ਲਾਇਆ ਕਿ ਉਸਨੇ ਪੰਜਾਬ ਵਿੱਚ ਵੀ ਕਈ ਲੋਕਾਂ ਨਾਲ ਠੱਗੀ ਕੀਤੀ ਹੈ। ਉੱਥੋਂ ਭੱਜ ਕੇ ਇਹ ਜਰਮਨੀ ਆਇਆ ਸੀ।

ਸ਼ਨੀਵਾਰ ਰਾਤ ਇੱਕ ਵੀਡੀਓ ਜਾਰੀ ਕਰਕੇ ਸੰਗਤ ਨੇ ਦੱਸਿਆ ਕਿ ਜਾਂਚ ਕਰਨ ‘ਤੇ ਪਤਾ ਲੱਗਾ ਕਿ ਇਸ ਨੇ 2 ਨਾਵਾਂ ਨਾਲ ਪਾਸਪੋਰਟ ਬਣਵਾ ਰੱਖੇ ਹਨ । ਇੰਡੀਅਨ ਪਾਸਪੋਰਟ ਵਿੱਚ ਇਸ ਦਾ ਨਾਮ ਅਮਰਜੀਤ ਸਿੰਘ ਹੈ, ਜਦੋਂ ਕਿ ਹਰਪ੍ਰੀਤ ਸਿੰਘ ਦੇ ਨਾਮ ਤੋਂ ਇਸ ਨੇ ਇਟਾਲੀਅਨ ਨਾਗਰਿਕਤਾ ਲੈ ਰੱਖੀ ਹੈ। ਉਹ ਦੋਹਰੀ ਪਛਾਣਾਂ ਦਾ ਸਹਾਰਾ ਲੈ ਕੇ ਧੋਖਾਧੜੀ ਕਰ ਰਿਹਾ ਸੀ।

ਬਰਨਾਲਾ ਦੇ ਪਿੰਡ ਮੰਗੇਵਾਲ ਦੇ ਰਹਿਣ ਵਾਲੇ ਅਮਰਜੀਤ ਸਿੰਘ ਨੇ ਗੁਰਦੁਆਰਾ ਪ੍ਰਬੰਧਕਾਂ, ਸਥਾਨਕ ਸਿੱਖ ਸੰਗਤ ਅਤੇ ਸਿੱਖ ਪਰਿਵਾਰਾਂ ਨੂੰ ਨਿਸ਼ਾਨਾ ਬਣਾਉਂਦੇ ਹੋਏ ਆਪਣੇ ਆਪ ਨੂੰ ਲਾਚਾਰ ਦੱਸਿਆ ਅਤੇ ਕਦੇ ਭੈਣ ਦੀ ਬਿਮਾਰੀ, ਕਦੇ ਬੱਚੇ ਦੀ ਮਜਬੂਰੀ ਤਾਂ ਕਦੇ ਪਿਤਾ ਦੇ ਇਲਾਜ ਦਾ ਝੂਠਾ ਡਰਾਮਾ ਰਚ ਕੇ ਲੋਕਾਂ ਦੀ ਹਮਦਰਦੀ ਅਤੇ ਭਰੋਸਾ ਜਿੱਤ ਕੇ ਠੱਗੀ ਕੀਤੀ।ਸੰਗਤ ਨੇ ਦੱਸਿਆ ਕਿ ਵੱਖ-ਵੱਖ ਸ਼ਹਿਰਾਂ ਵਿੱਚ ਫਰਜ਼ੀ ਦਸਤਾਵੇਜ਼ਾਂ ਨਾਲ ਸ਼ਰਨ ਲੈ ਕੇ ਅਤੇ ਲੋਕਾਂ ਦਾ ਵਿਸ਼ਵਾਸ ਜਿੱਤ ਕੇ ਲੱਖਾਂ ਰੁਪਏ ਬਟੋਰਨ ਵਾਲੇ ਇਸ ਦੋਸ਼ੀ ਦੀ ਸ਼ਾਤਰਤਾ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਜਦੋਂ ਵੀ ਇਸਦੀ ਖ਼ਿਲਾਫ਼ ਕੋਈ ਆਵਾਜ਼ ਉੱਠਦੀ ਜਾਂ ਵੀਡੀਓ ਵਾਇਰਲ ਹੁੰਦੀ, ਤਾਂ ਇਹ ਆਪਣੇ ਨੈੱਟਵਰਕ ਰਾਹੀਂ ਸੋਸ਼ਲ ਮੀਡੀਆ ‘ਤੇ ਆਪਣੇ ਮਰਨ ਦੀ ਝੂਠੀ ਖ਼ਬਰ ਫੈਲਾ ਕੇ ਆਸਾਨੀ ਨਾਲ ਨਵੇਂ ਰੂਪ ਵਿੱਚ ਗਾਇਬ ਹੋ ਜਾਂਦਾ ਸੀ।

Expert Advice, Consultation & Representation in all your legal matters



FAMILY LAW
- Separation, marriage, prenuptial and co-habitation agreements
- Divorce and separation proceedings
- Child and Spousal support
- Division of Property
- Adoption Applications
- Right to move with child applications

IMMIGRATION LAW
- Students, Workers and Visitors cases
- All Immigration matters
- Sponsorship cases

REAL ESTATE IN BC AND ALBERTA
- Sale and purchase of Residential and Commercial Properties in **BC** and **Alberta**
- Sale & Purchase of Business
- Land Use, Real Estate, Property Tax Assessment
- Lien Claims
- Contractual Claims
- Real Estate Litigation

EMPLOYMENT LAW
- Review of employment contracts
- Drafting employment contracts
- Wrongful dismissal
- Breach of employment contract
- Workplace injury
- Exploitation & workplace harassment
- Workplace events claims

CORPORATE & BUSINESS LAW
- Share holder agreements
- Lease agreement
- Tenancy agreement
- Formation & dissolving of companies
- Partnerships and joint ventures
- Business / Shareholder disputes

NOTARY SERVICES
- Notarizations
- Wills, Estates and Trusts
- Affidavits and Declarations
- Visitor Visa, Super Visa Declarations
- Sponsorship Declarations
- Power of attorney

BENEFITS OF CHOOSING US
- Low Cost & High Quality Legal Service
- Honest Advice & Customized Solutions
- Client's Satisfaction & Peace of Mind
- Best Results

CHARANJEET KAUR RAINA
LAWYER AND NOTARY PUBLIC
778 835 8455
#201-13049 76th Avenue, Surrey BC V3W2V7
www.rainalaw.com Email : craina@rainalaw.com

ਪੰਜਾਬ ਗਾਰਡੀਅਨ ਸੰਪਾਦਕੀ

ਅਖੌਤੀ ਪ੍ਰਚਾਰਕ ਸੰਗਤਾਂ ਨੂੰ ਕੀ ਸੇਧ ਦੇਣਗੇ?

ਜਦੋਂ ਆਚਰਨ ਤੋਂ ਡਿੱਗੇ ਲੋਕ ਧਰਮ ਦੇ ਠੇਕੇਦਾਰ, ਪੰਥਕ ਆਗੂ ਅਤੇ ਪ੍ਰਚਾਰਕ ਬਣ ਬੈਠਣ ਤਾਂ ਉਨ੍ਹਾਂ ਦੇ ਬੋਲਾਂ ਵਿੱਚ ਅਸਰ ਕਿੱਥੋਂ ਆਵੇਗਾ ? ਜਿਹੜੇ ਆਪ ਗੁਰੂ ਦੇ ਹੁਕਮ ਦੀਆਂ ਧੱਜੀਆਂ ਉਡਾਉਂਦੇ ਹੋਣ, ਉਹ ਸੰਗਤ ਨੂੰ ਹੁਕਮ ਮੰਨਣ ਦੀਆਂ ਮੱਤਾਂ ਕਿਹੜੇ ਮੂੰਹ ਨਾਲ ਦਿੰਦੇ ਹਨ ? ਜਿਨ੍ਹਾਂ ਦਾ ਆਪਣਾ ਜੀਵਨ ਗੁਰਮਤਿ ਅਨੁਸਾਰ ਨਹੀਂ, ਉਹ ਦੂਜਿਆਂ ਦੇ ਜੀਵਨ ਕਿਵੇਂ ਸੰਵਾਰਨਗੇ ? ਜਿਹੜੇ ਆਪ ਹੀ ਗੁਰਬਾਣੀ ਅਤੇ ਮਰਯਾਦਾ ਦੇ ਪਹਿਰੇਦਾਰ ਨਹੀਂ ਉਹ ਸੰਗਤਾਂ ਨੂੰ ਕੀ ਸੇਧ ਦੇਣਗੇ ? ਜਿਹੜੇ ਆਪ ਬੱਜਰ ਕੁਰਹਿਤਾਂ ਕਰਦੇ ਹਨ, ਸਿੱਖੀ ਸਿਧਾਂਤਾਂ ਦੇ ਉਲਟ ਚੱਲਦੇ ਹਨ ਅਤੇ ਫਿਰ ਸਟੇਜਾਂ ਉੱਤੇ ਪਵਿੱਤਰ ਬਣ ਕੇ ਬੈਠ ਜਾਂਦੇ ਹਨ, ਉਨ੍ਹਾਂ ਨੂੰ ਆਪਣੇ ਦੋਹਰੇ ਕਿਰਦਾਰ ਉੱਤੇ ਸ਼ਰਮ ਆਉਣੀ ਚਾਹੀਦੀ ਹੈ। ਸੰਗਤ ਅੱਗੇ ਉੱਚੀਆਂ ਗੱਲਾਂ ਕਰਨ ਨਾਲ ਆਪਣੀਆਂ ਨੀਵੀਆਂ ਕਰਤੂਤਾਂ ਦਾ ਦਾਗ਼ ਨਹੀਂ ਧੋਤਾ ਜਾਂਦਾ। ਗੁਰੂ ਦਾ ਪ੍ਰਚਾਰ ਕਰਨ ਵਾਲਾ ਪਹਿਲਾਂ ਆਪਣੇ ਅੰਦਰ ਝਾਤ ਮਾਰੇ ਕਿ ਉਸ ਦੀ ਕਹਿਣੀ ਅਤੇ ਕਰਨੀ ਵਿੱਚ ਕਿੰਨਾ ਫ਼ਰਕ ਹੈ।

ਜਿਨ੍ਹਾਂ ਕੋਲ ਬਾਣੀ ਦੀ ਕਮਾਈ ਨਹੀਂ, ਨਾਮ ਦਾ ਅਭਿਆਸ ਨਹੀਂ, ਨਿਤਨੇਮ ਨਹੀਂ ਅਤੇ ਆਪਣੇ ਮਨ ਉੱਤੇ ਕਾਬੂ ਨਹੀਂ, ਉਹ ਦੂਜਿਆਂ ਦੇ ਮਨ ਕਿਵੇਂ ਸੰਵਾਰਨਗੇ ? ਚਾਰ ਕਿੱਸੇ ਯਾਦ ਕਰ ਲੈਣ, ਆਵਾਜ਼ ਉੱਚੀ ਕਰ ਲੈਣ ਅਤੇ ਸੰਗਤ ਨੂੰ ਭਾਵੁਕ ਕਰ ਦੇਣ ਨਾਲ ਕੋਈ ਕਮਾਈ ਵਾਲਾ ਨਹੀਂ ਬਣ ਜਾਂਦਾ। ਜਿਹੜਾ ਆਪ ਲੋਭ, ਹੰਕਾਰ, ਝੂਠ ਅਤੇ ਵਿਕਾਰਾਂ ਵਿੱਚ ਫਸਿਆ ਹੋਵੇ, ਉਹ ਦੂਜਿਆਂ ਨੂੰ ਇਨ੍ਹਾਂ ਤੋਂ ਬਚਣ ਦਾ ਉਪਦੇਸ਼ ਕਿਹੜੇ ਮੂੰਹ ਨਾਲ ਦੇਵੇਗਾ ? ਲੋਕ ਕੁਝ ਸਮੇਂ ਲਈ ਉਸ ਦੀ ਮਿੱਠੀ ਬੋਲੀ ਤੋਂ ਪ੍ਰਭਾਵਿਤ ਹੋ ਸਕਦੇ ਹਨ, ਪਰ ਜਦੋਂ ਅਸਲੀਅਤ ਸਾਹਮਣੇ ਆਉਂਦੀ ਹੈ ਤਾਂ ਉਸ ਦੇ ਉਪਦੇਸ਼ ਵੀ ਖੋਖਲੇ ਲੱਗਣ ਲੱਗ ਪੈਂਦੇ ਹਨ। ਦੂਜਿਆਂ ਨੂੰ ਨਿਮਰਤਾ ਦੀ ਸਿੱਖਿਆ ਅਤੇ ਆਪਣੇ ਅੰਦਰ ਹੰਕਾਰ ਦਾ ਢੇਰ! ਦੂਜਿਆਂ ਨੂੰ ਮਾਇਆ ਤੋਂ ਬਚਣ ਦੀਆਂ ਮੱਤਾਂ ਅਤੇ ਆਪਣੀ ਦੌੜ ਪੈਸੇ, ਅਹੁਦੇ ਤੇ ਵਡਿਆਈ ਪਿੱਛੇ ! ਸੰਗਤ ਇਹ ਦੋਗਲਾਪਣ ਕਿੰਨਾ ਚਿਰ ਸਹਿੰਦੀ ਰਹੇ ? ਸਿੱਖੀ ਦਾ ਬਾਣਾ ਸਤਿਕਾਰਯੋਗ ਹੈ ਅਤੇ ਇਸ ਨੂੰ ਧਾਰਨ ਕਰਨ ਵਾਲੇ ਦੀ ਜ਼ਿੰਮੇਵਾਰੀ ਵੀ ਵੱਡੀ ਹੈ। ਪਰ ਬਾਣੇ ਦੇ ਅੰਦਰਲਾ ਆਚਰਨ ਹੀ ਮਾੜਾ ਹੋਵੇ ਤਾਂ ਬਾਹਰਲੀ ਦਿੱਖ ਉਸ ਨੂੰ ਚੰਗਾ ਨਹੀਂ ਬਣਾ ਸਕਦੀ। ਗੁਰੂ ਦਾ ਦਿੱਤਾ ਸਰੂਪ ਆਪਣੀਆਂ ਕਰਤੂਤਾਂ ਢੱਕਣ ਲਈ ਵਰਤਣਾ ਸੰਗਤ ਨਾਲ ਧੋਖਾ ਹੈ। ਗੁਰੂ ਦੇ ਨਾਂ ਉੱਤੇ ਇੱਜ਼ਤ ਲੈਂਦੇ ਹੋ ਤਾਂ ਗੁਰੂ ਦੇ ਹੁਕਮ ਦੀ ਲਾਜ ਵੀ ਰੱਖੋ ! ਅਜਿਹੇ ਦੋਹਰੇ ਆਚਰਨ ਦਾ ਨੁਕਸਾਨ ਇਕੱਲੇ ਪ੍ਰਚਾਰਕ ਤੱਕ ਨਹੀਂ ਰਹਿੰਦਾ। ਉਸ ਨੂੰ ਆਦਰਸ਼ ਮੰਨਣ ਵਾਲਿਆਂ ਦਾ ਭਰੋਸਾ ਵੀ ਟੁੱਟਦਾ ਹੈ। ਨੌਜਵਾਨ ਪੁੱਛਦੇ ਹਨ ਕਿ ਜਿਹੜੇ ਸਾਨੂੰ ਸਮਝਾਉਂਦੇ ਸਨ, ਉਹ ਆਪ ਕਿਉਂ ਨਹੀਂ ਸੰਭਲੇ ? ਇਸ ਲਈ ਕਿਸੇ ਦੀ ਪ੍ਰਸਿੱਧੀ ਕਰਕੇ ਉਸ ਦੀਆਂ ਕਰਤੂਤਾਂ ਢੱਕਣਾ ਧਰਮ ਦੀ ਸੇਵਾ ਨਹੀਂ। ਜਿੰਨੀ ਵੱਡੀ ਧਾਰਮਿਕ ਜ਼ਿੰਮੇਵਾਰੀ, ਓਨਾ ਹੀ ਸਾਫ਼ ਆਚਰਨ ਅਤੇ ਓਨੀ ਹੀ ਵੱਡੀ ਜਵਾਬਦੇਹੀ ਹੋਣੀ ਚਾਹੀਦੀ ਹੈ। ਸੰਗਤ ਵੀ ਅੱਖਾਂ ਮੀਟ ਕੇ ਕਿਸੇ ਪਿੱਛੇ ਨਾ ਤੁਰੇ। ਮਿੱਠੀ ਬੋਲੀ, ਵੱਡਾ ਜਥਾ ਅਤੇ ਚਮਕਦਾਰ ਸਟੇਜ ਕਿਸੇ ਦੇ ਸੱਚੇ ਹੋਣ ਦਾ ਸਬੂਤ ਨਹੀਂ। ਪਰਖ ਗੁਰਬਾਣੀ ਅਤੇ ਗੁਰਮਤਿ ਦੀ ਕਸਵੱਟੀ ਉੱਤੇ ਹੋਵੇ। ਬਿਨਾਂ ਸਬੂਤ ਕਿਸੇ ਉੱਤੇ ਦੋਸ਼ ਲਾਉਣਾ ਗ਼ਲਤ ਹੈ, ਪਰ ਸੱਚ ਸਾਹਮਣੇ ਆਉਣ ਉੱਤੇ ਆਪਣੇ ਚਹੇਤੇ ਦੀ ਹਰ ਕਰਤੂਤ ਦਾ ਬਚਾਅ ਕਰਨਾ ਵੀ ਗ਼ਲਤ ਹੈ। ਸਿੱਖੀ ਦੇ ਨਿਆਰੇਪਨ ਦੀ ਗੱਲ ਕਰਨ ਵਾਲੇ ਜਦੋਂ ਖ਼ੁਦ ਹੀ ਬ੍ਰਾਹਮਣੀ ਰੀਤਾਂ ਅਪਣਾਉਣ ਲੱਗ ਪੈਣ ਤਾਂ ਸਮਝ ਲਵੋ ਕਿ ਉਨ੍ਹਾਂ ਦੇ ਬੋਲਾਂ ਅਤੇ ਅਮਲਾਂ ਵਿੱਚ ਵੱਡਾ ਫਰਕ ਆ ਚੁੱਕਾ ਹੈ। ਇਹ ਉਸ ਆਗੂ ਦੀ ਸਿਧਾਂਤਕ ਗਿਰਾਵਟ ਹੈ ਅਤੇ ਉਸ ਦੀ ਅਗਵਾਈ ਹੇਠਲੀ ਸੰਸਥਾ ਲਈ ਵੀ ਖ਼ਤਰੇ ਦੀ ਘੰਟੀ ਹੈ। ਸਿਆਸੀ ਆਗੂਆਂ ਨੂੰ ਗੁਰਮਤਿ ਅਨੁਸਾਰ ਸੇਧ ਦੇਣ ਅਤੇ ਉਨ੍ਹਾਂ ਦੀਆਂ ਗ਼ਲਤੀਆਂ ਉੱਤੇ ਟੋਕਣ ਦੀ ਥਾਂ ਜਦੋਂ ਸੰਸਥਾਵਾਂ ਦੇ ਮੁਖੀ ਤੇ ਪ੍ਰਚਾਰਕ ਹੀ ਉਨ੍ਹਾਂ ਦੇ ਚਾਪਲੂਸ ਬਣ ਜਾਣ ਤਾਂ ਉਹ ਆਪਣਾ ਸਤਿਕਾਰ ਅਤੇ ਸੰਸਥਾ ਦੀ ਭਰੋਸੇਯੋਗਤਾ ਗੁਆ ਬੈਠਦੇ ਹਨ। ਜਿਹੜੇ ਆਪ ਕੁਰਸੀਆਂ ਦੇ ਮੋਹ ਵਿੱਚ ਸਿਧਾਂਤ ਛੱਡ ਬੈਠੇ ਹੋਣ, ਉਹ ਪੰਥ ਨੂੰ ਕਿਹੜੇ ਮੂੰਹ ਨਾਲ ਸੇਧ ਦੇਣਗੇ ? ਸੰਗਤਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਾਲ ਜੋੜਨ ਦੇ ਦਾਅਵੇ ਕਰਨ ਵਾਲੇ ਪ੍ਰਚਾਰਕ ਜਦੋਂ ਆਪ ਮੱਥੇ ਟਿਕਵਾਉਣ ਲੱਗ ਪੈਣ ਜਾਂ ਖ਼ੁਦ ਕਿਸੇ ਅਖੌਤੀ ਸਾਧ ਦੇ ਪੈਰਾਂ ਵਿੱਚ ਮੱਥਾ ਰਗੜਨ ਤਾਂ ਉਨ੍ਹਾਂ ਦੇ ਪ੍ਰਚਾਰ ਦਾ ਪਖੰਡ ਨੰਗਾ ਹੋ ਜਾਂਦਾ ਹੈ। ਮੂੰਹੋਂ ਗੁਰੂ ਦੀ ਸਰਵਉੱਚਤਾ ਦੀਆਂ ਗੱਲਾਂ ਅਤੇ ਅਮਲ ਵਿੱਚ ਦੇਹਧਾਰੀ ਗੁਰੂਡੰਮ੍ਹ ਦੀ ਚਾਕਰੀ ਇਹ ਦੋਗਲਾਪਣ ਕਿਵੇਂ ਪ੍ਰਵਾਨ ਹੋ ਸਕਦਾ ਹੈ ? ਅਜਿਹੇ ਪ੍ਰਚਾਰਕਾਂ ਨੂੰ ਵੀ ਸ੍ਰੀ ਅਕਾਲ ਤਖ਼ਤ ਸਾਹਿਬ ਅੱਗੇ ਤਲਬ ਕਰਕੇ ਜਵਾਬ ਮੰਗਿਆ ਜਾਣਾ ਚਾਹੀਦਾ ਹੈ। ਆਪਣੇ ਉੱਤੇ ਚੰਦੋਏ ਲਵਾਉਣ, ਚੌਰ ਝੁਲਵਾਉਣ ਅਤੇ ਆਪਣੇ ਆਪ ਨੂੰ 'ਸਤਿਗੁਰੂ' ਅਖਵਾਉਣ ਵਾਲੇ ਸਿੱਧੇ ਤੌਰ 'ਤੇ ਗੁਰੂ ਦੀ ਬਰਾਬਰੀ ਦਾ ਦਾਅਵਾ ਕਰਦੇ ਹਨ।ਅਜਿਹੇ ਗੁਰੂ ਦੇ ਸ਼ਰੀਕਾਂ ਨੂੰ ਧਾਰਮਿਕ ਸਟੇਜਾਂ ਉੱਤੇ ਵਡਿਆਉਣਾ ਅਤੇ ਉਨ੍ਹਾਂ ਅੱਗੇ ਸਿਰ ਝੁਕਾਉਣਾ ਸੰਗਤ ਨੂੰ ਗੁਰੂ ਨਾਲੋਂ ਤੋੜਨ ਦਾ ਰਾਹ ਹੈ। ਇਨ੍ਹਾਂ ਨਾਲ ਸਾਡੀ ਕੋਈ ਸਿਧਾਂਤਕ ਸਾਂਝ ਨਹੀਂ ਹੋ ਸਕਦੀ। ਪ੍ਰਚਾਰਕ ਹੋਣ ਦੇ ਨਾਂ 'ਤੇ ਕਿਸੇ ਨੂੰ ਸਿੱਖੀ ਸਿਧਾਂਤ ਰੋਲਣ ਦੀ ਖੁੱਲ੍ਹ ਨਹੀਂ ਦਿੱਤੀ ਜਾ ਸਕਦੀ। ਜਿਹੜਾ ਆਪ ਗੁਰੂ ਦੀ ਸਰਵਉੱਚਤਾ ਉੱਤੇ ਪਹਿਰਾ ਨਹੀਂ ਦੇ ਸਕਦਾ, ਉਹ ਸੰਗਤ ਨੂੰ ਕਿਹੜੇ ਮੂੰਹ ਨਾਲ ਸਿੱਖੀ ਦੀਆਂ ਮੱਤਾਂ ਦਿੰਦਾ ਹੈ ?ਭੁੱਲ ਮਨੁੱਖ ਤੋਂ ਹੋ ਸਕਦੀ ਹੈ। ਪਰ ਭੁੱਲ ਮੰਨ ਕੇ ਸੁਧਰਨਾ ਅਤੇ ਉਸ ਨੂੰ ਧੱਕੇ ਨਾਲ ਸਹੀ ਸਾਬਤ ਕਰਨਾ ਵੱਖਰੀਆਂ ਗੱਲਾਂ ਹਨ। ਆਪਣੀ ਗ਼ਲਤੀ ਮੰਨਣ ਦੀ ਥਾਂ ਸਵਾਲ ਕਰਨ ਵਾਲਿਆਂ ਨੂੰ ਹੀ ਪੰਥ ਵਿਰੋਧੀ ਆਖ ਦੇਣਾ ਕਿਹੜੀ ਗੁਰਮਤਿ ਹੈ ? ਧਾਰਮਿਕ ਅਹੁਦਾ ਕਿਸੇ ਨੂੰ ਜਵਾਬਦੇਹੀ ਤੋਂ ਛੋਟ ਨਹੀਂ ਦਿੰਦਾ। ਪਹਿਲਾਂ ਆਪਣੇ ਜੀਵਨ ਵਿੱਚ ਸਿੱਖੀ ਲਿਆਓ, ਫਿਰ ਸੰਗਤ ਨੂੰ ਸਿੱਖੀ ਸਮਝਾਓ। ਸਟੇਜ ਉੱਤੇ ਬੋਲਣਾ ਸੌਖਾ ਹੈ, ਆਪਣੇ ਵਿਕਾਰਾਂ ਨਾਲ ਲੜਨਾ ਔਖਾ ਹੈ। ਜਿਸ ਉਪਦੇਸ਼ ਉੱਤੇ ਆਪ ਨਹੀਂ ਤੁਰਦੇ, ਉਸ ਦਾ ਭਾਰ ਦੂਜਿਆਂ ਉੱਤੇ ਕਿਉਂ ਪਾਉਂਦੇ ਹੋ ? ਗੁਰੂ ਦੀ ਗੱਲ ਕਰਨ ਵਾਲੇ ਦੇ ਕੰਮਾਂ ਵਿੱਚ ਵੀ ਗੁਰੂ ਦਾ ਭੈਅ ਦਿਸਣਾ ਚਾਹੀਦਾ ਹੈ! ਧਰਮ ਦਾ ਪ੍ਰਚਾਰ ਕਰਨ ਤੋਂ ਪਹਿਲਾਂ ਧਰਮ ਆਪਣੇ ਜੀਵਨ ਵਿੱਚ ਥਾਂ ਤਾਂ ਦਿਓ ! ਗੁਰੂ ਦੇ ਨਾਂ ਉੱਤੇ ਇੱਜ਼ਤ ਲੈਂਦੇ ਹੋ ਤਾਂ ਗੁਰੂ ਦੇ ਹੁਕਮ ਦੀ ਲਾਜ ਵੀ ਰੱਖੋ।

-ਰਣਜੀਤ ਸਿੰਘ

ਅਸੰਖ ਮੂਰਖ ਅੰਧ ਘੋਰ

ਅੰਧ ਘੋਰ। ਜਿਸ ਵਿਚ ਦਿਸੇ ਹੀ ਕੱਖ ਨਾ, ਅੱਖਾਂ ਪਾੜ ਕੇ ਦੇਖਣ ਨਾਲ ਵੀ, ਅੱਖਾਂ ਹੁੰਦਿਆਂ ਵੀ, ਅੱਖਾਂ ਖੁੱਲੀਆਂ ਹੋਣ ਤੇ ਵੀ। ਕਿਤੇ ਕੋਈ ਟਟਹਿਣੇ ਦੀ ਇੱਕ ਜਗਣ ਬੁਝਣ ਦੀ ਝਲਕ ਗੋਚਰਾ ਵੀ ਨਾ ਹੋਵੇ ਤਾਂ ਬਣਦਾ ਹੈ ਅੰਧ ਘੋਰ। ਅੰਨਾ ਹੋਣ ਵਰਗਾ ਅੰਧ ਘੋਰ। ਪਰ ਹੈਰਾਨੀ ਉਦੋਂ ਕਿ ਅੱਖਾਂ ਹੁੰਦਿਆਂ ਵੀ ਅੰਧ ਘੋਰ। ਬਾਬਾ ਜੀ ਅਪਣੇ ਕਹਿੰਦੇ ਅਸੰਖਾਂ ਮੂਰਖ ਲੋਕ ਨੇ ਜਿਹੜੇ ਅੰਧ ਘੋਰ ਵਿਚ ਤੁਰੇ ਫਿਰਦੇ, ਕੰਧਾਂ ਵਿਚ ਵਜਦੇ ਤੇ ਅੱਖਾਂ ਹੁੰਦੇ ਵੀ ਠੇਡੇ ਖਾ ਖਾ ਡਿੱਗਦੇ।

ਡੇਰਿਆਂ ਉਪਰ, ਨਕਲੀ ਗੁਰੂਆਂ ਦੇ, ਰੰਗ ਬਰੰਗੇ ਸਾਧਾਂ ਦੇ, ਵਡਭਾਗੀਆਂ ਦੇ, ਲਾਲਾਂ ਵਾਲਾ, ਰੋਟਾਂ ਵਾਲਾ, ਗੁਗੇ ਵਾਲਾ, ਲੱਖਾਂ ਵਾਲਾ, ਮੜ੍ਹੀਆਂ, ਕਬਰਾਂ, ਮਸਾਣਾਂ! ਤੁਹਾਨੂੰ ਕੀ ਜਾਪਦਾ ਸੁਜਾਖੇ ਜਾਂਦੇ ਉਥੇ?

ਬਾਹਰ ਅਖਬਾਰਾਂ ਭਰੀਆਂ ਪਈਆਂ ਅਜਮੇਰੀਆਂ, ਮਾਸ਼ਟਰਾਂ, ਪੀਰਾਂ ਨਾਲ। ਅਖ਼ਬਾਰਾਂ ਵਾਲੇ, ਵਾਜਿਆਂ ਵਾਲੇ, ਟੀਵੀਆਂ ਵਾਲੇ, ਲੋਕਾਂ ਨੂੰ ਦੁਨੀਆਂ ਦੀਆਂ ਖ਼ਬਰਾਂ ਦੇਣ ਵਾਲੇ ਯਾਣੀ ਚਾਨਣ ਵੰਡਣ ਦੇ ਦਾਅਵੇਦਾਰ ਹਨੇਰਾ ਵੰਡ ਰਹੇ ਲੁਕਾਈ ਨੂੰ। ਅੰਡਿਆਂ ਵਿਚੋਂ ਲਾਟਰੀਆਂ, ਡਬਲ ਪੈਸੇ ਹੋਣ ਦੇ ਨਾਂ ਤੇ ਲੁੱਟ ਹੁੰਦੇ ਧਾਰਮਿਕ ਅਸਥਾਨਾ ਦੇ ਆਗੂ ਲੋਕ ਜਿਥੋਂ ਲੋਭਾਂ ਦੀਆਂ ਲਹਿਰਾਂ ਨੂੰ ਠੱਲਾਂ ਪੈਣ ਦੇ ਉਪਦੇਸ਼ ਹੁੰਦੇ ਉਥੇ ਬੈਠੇ ਖੁਦ ਆਗੂ ਲੋਭਾਂ ਵਿਚ ਲੁੱਟ ਹੋ ਰਹੇ। ਇਸ ਤੋਂ ਵੱਡਾ ਅੰਧਘੋਰ ਕੀ ਤਾਂ ਆਮ ਲੁਕਾਈ ਕੀ ਕਰੂ, ਕਿਥੇ ਜਾਊ। ਖੁਦ ਅੱਖਾਂ ਤੋਂ ਅੰਨ੍ਹੇ ਹੱਥ ਵੇਖਣ ਲੱਗੇ ਹੋਏ ਤੇ ਵਿਖਾਉਂਣ ਵਾਲੇ ਅੰਧ ਘੋਰ ਨਹੀ? 'ਅੰਧੇਰੇ ਰਾਹ ਨ ਕੋਈ'

ਅੱਖਾਂ ਦੇਖ ਰਹੀਆਂ ਕਿ ਸਾਹਵੇਂ ਬੈਠੇ ਬੰਦੇ ਦਾ ਢਿੱਡ ਦੱਸਦਾ ਕਿ ਇਹ ਤਾਂ ਅਪਣੀ ਦੇਹ ਨਹੀ ਸਾਂਭਣ ਗੋਚਰਾ ਤੇ ਮੈਂ ਇਸ ਕੋਲੋਂ ਤੰਦਰੁਸਤੀ ਮੰਗਣ ਆਇਆਂ। ਇਹ ਤਾਂ ਅਪਣੀ ਰੋਟੀ ਨਹੀ ਪੈਦਾ ਕਰਨ ਜੋਗਾ ਤੇ ਮੈਂ ਇਸ ਕੋਲੋਂ ਨੌ-ਨਿਧਾਂ ਭਾਲਦਾਂ। ਖੁਦ ਸਕੂਲੋਂ ਦੌੜਿਆਂ, ਊੜੇ ਨੂੰ ਬੋਤਾ ਕਹਿਣ ਵਾਲਾ ਤੇ ਮੈਂ ਇਸ ਕੋਲੋਂ ਨਿਆਣਿਆਂ ਅਪਣਿਆਂ ਦੀ ਪੜਾਈ ਦੀਆਂ ਅਰਦਾਸਾਂ ਕਰਾਉਂਦਾ। ਸੱਤ ਸੱਤ ਮੰਜਲੇ ਡੇਰੇ ਉਸਾਰ ਕੇ ਉਪਰ ਫਨ ਖਲਾਰੀ ਬੈਠੇ ਬੰਦੇ ਤੋਂ ਗੱਲਾਂ ਪੁੱਛ ਰਿਹਾਂ ਮੈਂ ਰੱਬ ਦੀਆਂ। ਇਸੇ ਨੂੰ ਬਾਬਾ ਜੀ ਅਪਣੇ ਕਹਿੰਦੇ ਕਿ ਅਸੰਖਾਂ ਲੋਕ ਅੰਧ ਘੋਰ ਵਿਚ ਤੁਰੇ ਫਿਰਦੇ। ਟਰਾਲੀਆਂ-ਟਰੱਕ ਭਰੇ, ਧੂੜਾਂ ਪੁੱਟੀ ਜਾਂਦੇ, ਅੱਜ ਫਲਾਂ ਬਾਬਾ ਜੀ ਦੀ ਬਰਸੀ, ਕੱਲ ਕਿਸੇ ਦੂਜੇ ਬਾਬਾ ਜੀ ਦਾ ਜਨਮ ਦਿਨ, ਪਰਸੋਂ ਵਡਭਾਗ ਸਿਓਂ ਦੀ ਧੌਲੀ ਧਾਰ ਵਗਣੀ। ਦੇਹ ਚਿਮਟੇ ਤੇ ਚਿਮਟਾ ਬੁਰੇ ਹਾਲ ਮਾਈਆਂ ਦੇ, ਵਾਲ ਗਲਾਂ ਵਿਚ, ਸਿਰਾਂ ਵਿਚ ਪੈਂਦੇ ਛਿੱਤਰ। ਇਹ ਅੰਧ ਘੋਰ ਨਹੀ?

ਸੰਸਾਰ ਵਿਚ ੩੦੦ ਮਿਲੀਅਨ ਲੋਕ ਡਿਪਰੈਸ਼ਨ ਦਾ ਸ਼ਿਕਾਰ, ਪਾਗਲਾਂ ਨਾਲ ਹਸਪਤਾਲ ਭਰੇ ਪਏ, ੧੦ ਤੋਂ ੧੫ ਸਾਲ ਦੇ ਨਿਆਣੇ ਆਤਮਹੱਤਿਆ ਕਰੀ ਜਾਂਦੇ, ੬ ਮਿਲੀਅਨ ਦੇ ਕਰੀਬ ਬੰਦਾ ਤੰਬਾਕੂ ਕਾਰਨ ਹੋਈ ਕੈਂਸਰ ਕਾਰਨ ਮਰ ਜਾਂਦਾ, ਮੋਟੇ ਤੌਰ ਤੇ ਢਾਈ ਮਿਲੀਅਨ ਇੱਕਲੀ ਸ਼ਰਾਬ ਕਾਰਨ ਬਾਕੀ ਨਸ਼ੇ ਹਾਲੇ ਪਾਸੇ, ੨੦੧੭ ਦੀ ਰਿਪੋਟ ਮੁਤਾਬਕ ੩੬.੯ ਮਿਲੀਅਨ ਦੁਨੀਆਂ ਦੇ ਲੋਕ ਏਡਜ਼ ਤੋਂ ਪੀੜਤ। ਇਸ ਅੰਧਘੋਰ ਨੂੰ ਹੀ ਬੰਦਾ ਤਰੱਕੀ ਕਹੀ ਜਾਂਦਾ।

ਚਿੰਤਾ ਵਿਚ ਗਲ ਗਲ ਧਸਿਆ ਮਨੁੱਖ, ਇੱਕ ਦੂਏ ਦਾ ਵੈਰੀ ਹੋ ਚੁੱਕਾ ਬੰਦਾ। ਮਾਇਆ ਦੀ ਚਕਾਚੌਂਧ ਨੇ ਇਸ ਨੂੰ ਅਜਿਹੇ ਅੰਧਘੋਰ ਵੰਨੀ ਤੋਰ ਦਿੱਤਾ ਕਿ ਬੰਦਾ, ਬੰਦਾ ਨਾ ਹੋ ਕੇ ਪਸ਼ੂ ਬਣ ਕੇ ਰਹਿ ਗਿਆ। ਖਾਣ, ਸੌਣ, ਭੋਗਣ, ਪੈਨਣ, ਪਸ਼ੂਆਂ ਨਾਲੋਂ ਵੀ ਬਦਤਰ। ਉਪਰੋਂ ਚਮਕਾਂ ਮਾਰਦਾ, ਮਹਿੰਗੇ ਬਰੈਂਡ ਚਾਹੜੀ ਫਿਰਦਾ ਦੇਹ ਉਪਰ, ਪਰਫਿਊਮਾ ਨਾਲ ਮਹਿਕਾਂ ਛੱਡਦਾ ਪਰ ਅੰਦਰੋ ਖਾਲੀ ਹੋ ਚੁੱਕਾ, ਖੜਕਿਆ ਹੋਇਆ, ਖੋਖਲਾ ਹੋ ਗਿਆ ਹੋਇਆ! ਗੋਲੀਆਂ ਸਰ੍ਹਾਂਣੇ ਰੱਖ ਕੇ ਸਉਂਦਾ। ਪੈਂਗ ਤੋਂ ਬਿਨਾ ਨੀਂਦ ਨਹੀ ਆਉਂਦੀ। ਸਵੇਰੇ ਅੱਖ ਮਗਰੋਂ ਖੁਲ੍ਹਦੀ ਚਿੰਤਾਵਾਂ ਬਾਹਾਂ ਟੰਗੀ ਪਹਿਲਾਂ ਮੂਹਰੇ। ਫਿਰ ਨਸ਼ਿਆਂ ਦਾ ਸਹਾਰਾ, ਫਿਰ ਗੋਲੀਆਂ ਦਾ ਸਹਾਰਾ, ਪਾਰਟੀਆਂ ਦੇ ਸਹਾਰੇ ਲੱਭਦਾ ਫਿਰਦਾ, ਯਾਰਾਂ ਬਾਸ਼ਾਂ ਵਿਚੋਂ ਸਕੂਨ ਭਾਲਦਾ।



ਗੁਰਦੇਵ ਸਿੰਘ ਸੱਧੇਵਾਲੀਆ

ਜਾਂ ਫਿਰ ਡੇਰਿਆਂ ਦੇ, ਅਉਧਦ ਨਾਮਾ ਵਾਲਿਆਂ ਦੇ, ਜੋਗਿਆਂ ਦੇ, ਆਰਟ ਲਿਵਿੰਗ, ਮੈਡੀਟੇਸ਼ਨ ਹੀ ਸਹੀਂ, ਪਰ ਕਿਹੜਾ ਆਰਟ ਕਿਹੜੀ ਮੈਡੀਟੇਸ਼ਨ ਤੇ ਕਿਹੜਾ ਅਉਖਧ। ਅਉਖਧ ਤਾਂ ਲਿਆ ਹੀ ਨਾ ਅੰਧਘੋਰ ਵਿਚੋਂ ਤਾਂ ਬਾਹਰ ਆਇਆ ਹੀ ਨਾ ਯਾਣੀ ਹਨੇਰੇ ਵਿਚ ਹੀ ਟੱਕਰਾਂ।

ਇਸ ਹਨੇਰੇ ਕਾਰਨ ਹੀ ਮਨੁੱਖ ਡਰੂ ਹੋ ਗਿਆ। ਹਵਾ ਦੇ ਬੁੱਲੇ ਤੋਂ ਡਰੀ ਜਾਂਦਾ, ਸਿਰ ਦੁੱਖੇ ਤੋਂ ਕਿਸੇ ਸੰਤ ਵੰਨੀ ਭੱਜ ਤੁਰਦਾ, ਨਿਆਣੇ ਨੂੰ ਨਿੱਛ ਆ ਜਾਏ ਕਿਸੇ ਸਾਧ ਨੂੰ ਪੁੱਛਣ ਤੁਰ ਪੈਂਦਾ, ਕਾਰੋਬਾਰ ਵਿਚ ਦੋ ਚਾਰ ਛਿੱਲੜ ਇਧਰ ਉਧਰ ਹੋ ਜਾਣ ਜੋਤਸ਼ੀ ਵੰਨੀ ਹੋ ਲੈਂਦਾ, ਬਿੱਲੀ ਰਾਹ ਕੱਟ ਜਾਏ ਬਰੇਕਾਂ ਲਾ ਬੈਠਦਾ, ਨਾਰੀਅਲ ਦਿੱਸ ਜਾਏ ਦਿੱਲ ਫੜਕੇ ਬੈਠ ਜਾਂਦਾ! ਇਸ ਅੰਧ ਘੋਰ ਵਿਚ 'ਸਟੈਮਿਨਾ' ਰਿਹਾ ਹੀ ਨਹੀ, ਹੌਸਲਾ ਜਾਂਦਾ ਹੀ ਲਗਾ, ਸਬਰ ਸੰਤੋਖ ਹੀ ਖਤਮ ਕਿ ਕੋਈ ਨਾ ਅੱਜ ਗਲਤ ਹੈ ਕੱਲ ਠੀਕ ਹੋਜੂ। ਪਰ ਨਾਂ!

ਤੇ ਬਾਬਾ ਜੀ ਅਪਣੇ ਕਹਿੰਦੇ ਇੱਕ, ਦੋ, ਚਾਰ ਨਹੀ ਅਸੰਖਾਂ ਲੋਕ ਨੇ ਜਿਹੜੇ ਇਸ ਅੰਧਘੋਰ ਵਿਚ ਹਨ ਪਰ ਬਲਦੀ ਅੱਗ ਹੇਠੋਂ ਚੌਅ ਕੱਢਣ ਦੀ ਬਜਾਇ ਉਪਰੋਂ ਫੂਕਾਂ ਮਾਰ ਮਾਰ ਅਪਣਾ ਪੂਰਾ ਜੀਵਨ ਹੀ ਚਿੰਤਾਵਾਂ ਦਾ ਘਰ ਬਣਾ ਬੈਠੇ ਹਨ!

DISTRIBUTED IN
CANADA & AMERICA

CANADA

British Columbia

* GREATER VANCOUVER
* FRASER VALLEY
* VICTORIA * NANAIMO
* PRINCE GEORGE
* KAMLOOPS
* OLIVER * SQUAMISH
* KELOWNA



USA

* GREATER SEATTLE
* EVERETT * MARYSVILLE
* BELLINGHAM
* BELLEVUE
* LYNDEN
* LYNWOOD
* KENT * RENTON
* PORTLAND



ਪੰਜਾਬ ਗਾਰਡੀਅਨ
PUNJABI WEEKLY NEWSPAPER

Sales Manager: Kanwaljit Singh
Phone: 604-836-0936

ਨਾਅਰਿਆਂ ਤੋਂ ਨੀਤੀਆਂ ਵੱਲ? ਕੀ ਅਸੀਂ ਕੌਮ ਦੇ ਭਵਿੱਖ ਦਾ 'ਬਦਲ' ਬਣਨ ਲਈ ਤਿਆਰ ਹਾਂ?

ਬੀਤੇ ਸਮੇਂ ਵਿੱਚ ਜੋ ਹੋਇਆ, ਉਸ ਦੇ ਚੰਗੇ ਮਾੜੇ ਪਹਿਲੂਆਂ ਅਤੇ ਇਤਿਹਾਸਕ ਸੰਸਥਾਵਾਂ ਦੇ ਫੈਸਲਿਆਂ 'ਤੇ ਅਲੱਗ-ਅਲੱਗ ਵਿਚਾਰ ਹੋ ਸਕਦੇ ਨੇ। ਪਰ ਅੱਜ ਦੇ ਦੌਰ ਵਿੱਚ ਬੀਤੇ ਦੀਆਂ ਗੱਲਾਂ ਨੂੰ ਮੁੜ-ਮੁੜ ਰਿੜਕਣ ਨਾਲੋਂ ਕੁਝ ਹਾਸਲ ਨਹੀਂ ਹੋਣਾ। ਅੱਜ ਸਿੱਖ ਕੌਮ ਸਿਰਫ਼ ਪੰਜਾਬ ਤੱਕ ਸੀਮਤ ਨਹੀਂ, ਸਗੋਂ ਸਾਰੀ ਦੁਨੀਆ ਵਿੱਚ ਵਸਦੀ ਹੈ?

ਹੁਣ ਸਮਾਂ ਬੀਤੇ ਦੇ ਗਿਲੇ-ਸ਼ਿਕਵਿਆਂ ਨੂੰ ਛੱਡ ਕੇ, ਗਲੋਬਲ ਪੱਧਰ 'ਤੇ ਕੌਮ ਦੀ ਅਥਾਹ ਤਾਕਤ ਨੂੰ ਇਕਜੁੱਟ ਕਰਨ ਅਤੇ ਇੱਕ ਮਾਲਾ ਵਿੱਚ ਪਰੋਣ ਦਾ ਹੈ।

ਇਸੇ ਗੰਭੀਰ ਵਿਸ਼ੇ 'ਤੇ ਜਦੋਂ ਪੁਰਾਤਨ ਤੇ ਅੱਜ ਦੇ ਕੌਮੀ ਦਰਦ ਰੱਖਣ ਵਾਲੀ ਸੋਚ ਦਾ ਸੁਮੇਲ ਕਰਕੇ ਦੇਖੀਏ, ਤਾਂ ਕੁਝ ਅਜਿਹੇ ਸਵਾਲ ਸਾਹਮਣੇ ਆਉਂਦੇ ਹਨ ਜੋ ਅੱਜ ਹਰ ਸੂਝਵਾਨ ਇਨਸਾਨ ਨੂੰ ਆਪਣੇ ਅੰਦਰ ਝਾਤੀ ਮਾਰਨ ਲਈ ਮਜਬੂਰ ਕਰਦੇ ਹਨ:

1. ਇੱਕ ਗਲੋਬਲ ਪਲੇਟਫਾਰਮ ਦੀ ਲੋੜ?

ਸਰਕਾਰ ਭਾਵੇਂ ਕਿਸੇ ਵੀ ਪਾਰਟੀ ਦੀ ਆਵੇ, ਸਾਡੀ ਅਹਿਮੀਅਤ ਸਿਰਫ਼ ਪੰਜਾਬ ਤੱਕ ਮਹਿਦੂਦ ਨਹੀਂ ਰਹਿਣੀ ਚਾਹੀਦੀ। ਸਮੁੱਚੇ ਭਾਰਤ ਅਤੇ ਵਿਸ਼ਵ ਪੱਧਰ 'ਤੇ ਸਾਡੀ ਇੱਕ ਸਾਂਝੀ, ਮਜ਼ਬੂਤ ਆਵਾਜ਼ ਹੋਣੀ ਚਾਹੀਦੀ ਹੈ। ਜਿਵੇਂ ਅੰਤਰਰਾਸ਼ਟਰੀ ਸਿਆਸਤ ਵਿੱਚ ਸਾਡਾ ਬੋਲਬਾਲਾ ਹੈ ਅਤੇ ਦੁਨੀਆ ਦੀਆਂ ਸਰਵਉੱਚ ਸੰਸਥਾਵਾਂ ਵਿੱਚ ਸਾਡੇ ਲੋਕ ਉੱਚੇ ਅਹੁਦਿਆਂ 'ਤੇ ਬੈਠੇ ਹਨ ,ਕੀ ਅਸੀਂ ਇੱਕ ਕੌਮ ਵਜੋਂ ਉਨ੍ਹਾਂ ਦੀ ਕਾਬਲੀਅਤ ਦਾ ਸਹੀ ਮੁਲਾਂਕਣ ਕਰਕੇ ਉਨ੍ਹਾਂ ਨੂੰ ਇੱਕ ਲੜੀ ਵਿੱਚ ਪਰੋ ਸਕੇ ਹਾਂ? ਅਜਿਹੇ ਗਲੋਬਲ ਚਿਹਰਿਆਂ ਨੂੰ ਭਾਈ ਗੁਰਦਾਸ ਜੀ ਤੇ ਭਾਈ ਮਨੀ ਸਿੰਘ ਦੇ ਰਾਹ ਚੱਲਣ ਵਾਲੇ ਨਵੀਂ ਪੀੜ੍ਹੀ ਦੇ ਚੇਹਰਿਆਂ ਨੂੰ ਰੋਲ ਮਾਡਲ ਬਣਾ ਕੇ ਇੱਕ ਵਿਸ਼ਵ ਵਿਆਪੀ ਨੈੱਟਵਰਕ ਖੜ੍ਹਾ ਕਰਨ ਦਾ ਵੇਲਾ ਹੈ।

ਆਓ ਸਭ ਇਸ ਲਈ ਕੰਮ ਕਰੀਏ !!

2. ਫਜ਼ੂਲ ਨਾਅਰਿਆਂ ਅਤੇ ਸਿਆਸੀ ਵਰਤੋਂ ਤੋਂ ਕਿਨਾਰਾ?

ਹੁਣ ਸਾਨੂੰ ਜਜ਼ਬਾਤੀ ਅਤੇ ਫਜ਼ੂਲ ਨਾਅਰਿਆਂ ਦੀ ਲੋੜ ਨਹੀਂ ਹੈ। ਇਤਿਹਾਸ ਗਵਾਹ ਹੈ ਕਿ ਜਦੋਂ ਵੀ ਅਸੀਂ ਜਜ਼ਬਾਤਾਂ ਵਿੱਚ ਵਹਿ ਗਏ, ਸਿਆਸੀ ਲੋਕਾਂ ਨੇ ਆਪਣੇ ਹਿੱਤਾਂ ਲਈ ਸਾਡੀ ਊਰਜਾ ਨੂੰ ਵਰਤਿਆ। ਨਾ ਅਸੀਂ ਕਿਸੇ ਲਈ ਵਰਤੇ ਜਾਣਾ ਹੈ, ਨਾ ਕਿਸੇ ਨੂੰ ਆਪਣੀ ਭਾਵਨਾਵਾਂ ਖੇਡਣ ਦੇਣੀ ਹੈ। ਸਾਡਾ ਅਸਲ ਏਜੰਡਾ ਹੁਣ ਉੱਚ ਸਿੱਖਿਆ, ਆਰਥਿਕ ਸੁਤੰਤਰਤਾ, ਅਤੇ ਅੰਤਰਰਾਸ਼ਟਰੀ ਪੱਧਰ 'ਤੇ ਸਕਾਰਾਤਮਕ ਨੀਤੀ ਘੜਤ ਵੱਜੋ ਹੋਣਾ ਚਾਹੀਦਾ ਹੈ।

3. ਸੁਹਿਰਦ ਅਤੇ ਯੋਗ ਲੀਡਰਸ਼ਿਪ ਦੀ ਤਲਾਸ਼?

ਅੱਜ ਦੁਨੀਆ ਭਰ ਵਿੱਚ ਬੈਠੇ ਪੜ੍ਹੇ ਲਿਖੇ ਵਰਗ, ਵਕੀਲਾਂ, ਡਾਕਟਰਾਂ, ਵਿਗਿਆਨੀਆਂ, ਸਮਾਜ ਸੇਵਕਾਂ ਅਤੇ ਉਦਯੋਗਪਤੀਆਂ ਨੂੰ ਅੱਗੇ ਆ ਕੇ ਕੌਮ ਦੀ ਵਾਗਡੋਰ ਸੰਭਾਲਣੀ ਪਵੇਗੀ। ਸਾਨੂੰ ਪੰਜਾਬ ਤੋਂ ਲੈ ਕੇ ਵਿਦੇਸ਼ਾਂ ਤੱਕ ਫੈਲੇ ਸਾਡੇ ਲੋਕਾਂ ਦੇ ਮਸਲਿਆਂ ,"ਜਿਵੇਂ ਪਛਾਣ ਦਾ ਸੰਕਟ, ਨਸਲੀ ਵਿਤਕਰਾ ਅਤੇ ਪੰਜਾਬ ਦੀ ਆਰਥਿਕਤਾ" ਨੂੰ ਹੱਲ ਕਰਨ ਲਈ ਇੱਕ ਨਵੀਂ, ਦੂਰਅੰਦੇਸ਼ੀ ਸੋਚ ਖੜ੍ਹੀ ਕਰਨ ਦੀ ਸਖ਼ਤ ਜ਼ਰੂਰਤ ਹੈ।

ਆਓ, ਇਸ ਬਦਲਾਅ ਦਾ ਹਿੱਸਾ ਬਣੀਏ?

ਇਹ ਕੰਮ ਬਾਹਰੋਂ ਕਿਸੇ ਨੇ ਆ ਕੇ ਨਹੀਂ ਕਰਨਾ, ਇਹ ਕੰਮ ਕੌਮ ਦੇ ਸੁਹਿਰਦ ਅਤੇ ਬੁੱਧੀਜੀਵੀ ਲੋਕਾਂ ਨੇ ਹੀ ਕਰਨਾ ਹੈ। ਆਓ, ਆਪਸੀ ਮਤਭੇਦਾਂ ਤੋਂ ਉੱਪਰ ਉੱਠ ਕੇ ਇੱਕ ਅਜਿਹੇ ਸਾਂਝੇ ਖਾਕੇ 'ਤੇ ਕੰਮ ਕਰੀਏ ਜੋ ਕਾਨੂੰਨੀ, ਸੰਵਿਧਾਨਕ ਅਤੇ ਆਧੁਨਿਕ ਤਰੀਕੇ ਨਾਲ ਪੰਜਾਬ ਅਤੇ ਕੌਮ ਦੀ ਚੜ੍ਹਦੀ ਕਲਾ ਲਈ ਇੱਕ ਨਵਾਂ 'ਬਦਲ' ਪੇਸ਼ ਕਰ ਸਕੇ।

ਜੇਕਰ ਤੁਸੀਂ ਵੀ ਮਹਿਸੂਸ ਕਰਦੇ ਹੋ ਕਿ ਹੁਣ ਨਾਅਰਿਆਂ ਦੀ ਸਿਆਸਤ ਨੂੰ ਛੱਡ ਕੇ ਨੀਤੀਆਂ ਦੀ ਸਿਆਸਤ ਵੱਲ ਵਧਣ ਦਾ ਵੇਲਾ ਆ ਗਿਆ ਹੈ, ਤਾਂ ਆਓ ਇਸ ਸੰਵਾਦ ਨੂੰ ਅੱਗੇ ਵਧਾਈਏ। ਆਪਣੇ ਵਿਚਾਰ ਸਾਂਝੇ ਕਰੋ ਅਤੇ ਇਸ ਸੁਨੇਹੇ ਨੂੰ ਹੋਰਨਾਂ ਸੁਹਿਰਦ ਸੱਜਣਾਂ ਤੱਕ ਪਹੁੰਚਾਣ ਲਈ ਸ਼ੇਅਰ ਕਰੋ!!

-ਭਗਵੰਤ ਸਿੰਘ ਤੂਰ ਕਨੇਡਾ
-778 385 7024

ਦੋ ਨੰਬਰ ਦਾ ਸ਼ਹਿਰੀ

ਮੈਂ ਦੋ ਨੰਬਰ ਦਾ ਸ਼ਹਿਰੀ ਹਾਂ। ਦੋ ਨੰਬਰ ਦਾ ਸ਼ਹਿਰੀ ਲਫਜ ਬਾਬਾ ਜਰਨੈਲ ਸਿੰਘ ਨੇ ਬੜੀ ਵਾਰ ਵਰਤਿਆ ਸੀ ਕਿ ਮੈਂ ਰਹਿਣਾ ਤਾਂ ਚਾਹੁੰਨਾ ਤੇਰੇ ਨਾਲ ਪਰ ਬਰਾਬਰ ਦਾ ਬਣਕੇ ਨਾ ਕਿ ਦੋ ਨੰਬਰ।

ਬੰਦਾ ਕਿੰਨਾ ਕੁ ਜਿਓਂਦਾ ਇਹ ਤਾਂ ਉਸ ਦੇ ਅਹਿਸਾਸ ਉਪਰ ਨਿਰਭਰ। ਪਸ਼ੂ ਦੀ ਆਦਤ ਉਸ ਦੇ ਅਹਿਸਾਸ ਉਪਰ ਕਿ ਮਾਰ ਖਾ ਕੇ ਕਿੰਨਾ ਕੁ ਚੇਤੇ ਰਖਦਾ। ਪਸ਼ੂਆਂ ਨਾਲ ਵਾਹ ਪੈਣ ਵਾਲਿਆਂ ਨੂੰ ਪਤੈ ਕਿ ਹਾਲਾਂ ਹੁਣੇ ਗਿਣੇ ਸੇਕੇ ਹੁੰਦੇ ਅਗਲੇ ਪਲ ਥਾਪੀ ਮਾਰ ਕੇ ਦੁੱਧ ਕੱਢ ਰਹਿਆ ਹੁੰਦਾ।

ਉਨ ਤਾਂ 47 ਤੋਂ ਦੱਸ ਦਿਤਾ ਸੀ ਕਿ ਮੈਂ ਜਰਾਇਮ ਪੇਸ਼ਾ ਯਾਣੀ ਦੋ ਨੰਬਰ ਦੀ ਕੈਟਾਗਿਰੀ। ਪਰ ਉਨ ਥੋੜੇ ਚਿਰ ਬਾਅਦ ਥਾਪੀ ਮਾਰਕੇ ਪਾਕਿਸਤਾਨ ਚੀਨ ਮੂਹਰੇ ਕਰ ਦਿਤਾ ਤੇ ਮੇਰਾ ਮੁੜਕੋ ਮੁੜਕੀ ਹੋਣਾ ਸਭ ਨੇ ਦੇਖਿਆ।

ਮੈਨੂੰ ਈ ਐਵੇਂ ਬੁਖਾਰ ਚੜਿਆ ਰਿਹਾ ਮੈਂ ਅਜਾਦ ਹੋ ਗਿਆਂ। 84 ਵੇਲੇ ਜਿੰਨੀ ਸਪਸ਼ਟਤਾ ਨਾਲ ਉਨ ਦੱਸਿਆ ਕਿ ਤੂੰ ਕੀ ਐ ਤੇ ਬਾਵਜੂਦ ਜੇ ਮੇਰੇ ਅਹਿਸਾਸ ਨੇ ਕਰਵਟ ਨਹੀ ਲਈ ਤਾਂ ਫਿਰ ਮੈਨੂੰ ਦਫਨਾ ਦੇਣਾ ਚਾਹੀਦਾ ਸੀ ਕਿਓਂਕਿ ਇਨਾ ਹਿਲਾਓਣ ਅਤੇ ਡਾਂਗ ਸੋਟਾ ਖੜਕਾਓਣ ਬਾਅਦ ਵੀ ਜੇ ਮੈਂ ਨਹੀ ਹਿਲਿਆ ਤਾਂ ਮੇਰੀ ਲਾਸ਼ ਨੂੰ ਹੋਰ ਜਿਆਦਾ ਨਾ ਰਖਿਆ ਜਾਏ।

ਸਾਧਵੀ ਨੇ ਬੰਬ ਧਮਾਕੇ ਕੀਤੇ। ਪਰ ਹੁਣ ਕਿਥੇ ਆ ਪਤੈ?

ਅਰਜਨ ਦਾਸ, ਰਾਜ ਨਾਥ, ਜਗਦੀਸ਼ ਟਾਈਟਲਰ ਜਿਓਂਦੇ ਬੰਦੇ ਫੂਕ ਸੁਟੇ ਪਰ ਕੁਰਸੀ ਤੇ ਰਹੇ ਸਾਰੀ ਉਮਰ ਕਿਓਂਕਿ ਓਹ ਇਕ ਨੰਬਰ ਦੇ ਸਨ।

ਦੋ ਨੰਬਰ ਵਾਲਾ ਹਾਲਾ ਤੱਕ ਕਾਲੇ ਪਾਣੀ ਐ ਅਖੇ ਥਾਣੇ ਤੇ ਧਾਵਾ ਬੋਲਿਆ। ਚਲੋ ਤੁਹਾਡੀ ਭਾਸ਼ਾ ਵਿਚ ਧਾਵਾ ਈ ਸਹੀਂ ਪਰ ਉਪਰਲੇ ਦਸੇ ਹੋਏ ਕਾਤਲਾਂ ਮੂਹਰੇ ਧਾਵਾ ਕੀ ਸੀ ?

ਕੋਈ ਬੰਦਾ ਮਰਿਆ ਹੋਵੇ ਕਿਸੇ ਦਾ ਗਿੱਟਾ ਟੁੱਟਾ ਪੈਰ ਟੁੱਟਾ ਕਿਸੇ ਦਾ ਸਿਰ ਪਾਟਾ। ਪਰ ਕਾਲੇ ਪਾਣੀ ਕਿਓਂਕਿ ਮੈ ਦੋ ਨੰਬਰ ਵਿਚ ਆਓਂਨਾ।

ਤੁਹਾਨੂੰ ਹੈਰਾਨੀ ਨਹੀ ਸੁੰਦੀ ਕਿ ਦੋ ਨੰਬਰ ਦੀ ਪੀੜਾ ਨੂੰ ਦੋ ਨੰਬਰ ਹੀ ਨਹੀ ਸਮਝ ਰਿਹਾ। ਇਕ ਨੰਬਰ ਦਾ ਹਮਲੇ ਜਾਂ ਧਾਵੇ ਵਾਲਾ ਰੌਲਾ ਤਾਂ ਸਮਝ ਆਓਂਦਾ ਪਰ ਦੋ ਨੰਬਰ ਦਾ ਵੀ ਇਹੀ ਰੌਲਾ। ਮੈਂ ਬੋਲਣ ਲਗਾ ਕਿਓਂ ਭੁਲ ਜਾਨਾ ਕਿ ਮੈਂ ਚਾਹੇ ਵੰਝ ਤੇ ਚੜ ਚੜ ਦੋ ਨੰਬਰ ਨੂੰ ਭੰਡ ਲਾਂ ਪਰ ਰਹਿਣਾ ਮੈਂ ਖੁਦ ਵੀ ਦੋ ਨੰਬਰ ਹੀ ਐ। ਹੈਰਾਨੀ ਕਿ ਦੋ ਨੰਬਰ ਵੀ ਇੱਕ ਵਾਲਿਆਂ ਦੀ ਸੁਰ ਵਿਚ ਸੁਰ। ਜਿਹੜੇ ਹਾਲਾਂ ਕੱਲ ਤੱਕ ਕਮਾਦਾਂ ਚਰੀਆਂ ਵਿਚ ਲੁੱਕਦੇ ਰਹੇ ਅਤੇ ਰੋਹੀਆਂ ਨਹਿਰਾਂ ਵਿਚ ਜੀਹਨਾ ਦੀਆਂ ਲਾਸ਼ਾਂ ਫਸੀਆਂ ਲਭਦੀਆਂ ਰਹੀਆਂ।

ਜਿੰਨ ਵੀ ਇਕ ਨੰਬਰ ਹੋਣ ਦਾ ਦਾਹਵਾ ਕੀਤਾ ਜਾਂ ਮਾਰ ਦਿਤਾ ਦਿਤਾ ਗਿਆ, ਟੈਕਾਂ ਤੋਪਾਂ ਨਾਲ ਉਡਾ ਦਿਤਾ ਗਿਆ ਜਾਂ ਕਾਲੇ ਪਾਣੀਂ। ਖੁਦ ਕਾਲੇ ਪਾਣੀਆਂ ਵਿਚਦੀ ਲੰਘ ਚੁਕੇ ਵੀ ਕਾਲੇ ਪਾਣੀ ਦੀ ਪੀੜਾ ਨਹੀ ਸਮਝ ਰਹੇ। ਹੋਸ਼ਾ ਬਹਾਨਾ ਅਖੇ ਚੋਣਾ ਸਾਡਾ ਵਿਸ਼ਾ ਨਹੀ। ਯਾਣੀ ਜੇ ਤੁਹਾਡੇ ਮੁਤਾਬਕ ਨਹੀ ਤਾਂ ਬੰਦਾ ਆਵਦਾ ਮਰਨ ਦਿਓ॥ ਦੋ ਨੰਬਰ ਕਦੇ ਇਕ ਨੰਬਰ ਨਹੀ ਹੋ ਸਕਦਾ ਚਾਹੇ ਦੋ ਵਾਲੇ ਨੂੰ ਰਾਸ਼ਟਰਪਤੀ ਜਾਂ ਪ੍ਰਧਾਨ ਮੰਤਰੀ ਹੀ ਕਿਓਂ ਨਾ ਬਣਾ ਦਿਤਾ ਜਾਵੇ। ਕਾਕਰੇਚ ਪਾਰਟੀ ਵਾਲਿਆਂ ਦੇ ਲੀਡਰ ਮੂੰਹੋ ਸੱਚ ਨਿਕਲ ਗਿਆ ਕਿ ਜੇ ਮੇਰੇ ਮਗਰ ਕਿਤੇ ਕੋਈ ਖਾਲਿਦ ਵਾਲਿਦ ਲਗਾ ਹੁੰਦਾ। ਮੁਸਲਮਾਨ ਲੇਖਕ ਜਦ 47 ਵੇਲੇ ਪਾਕਸਿਤਾਨ ਜਾਣ ਲਗਾ ਤਾਂ ਕਿਸੇ ਕਿਹਾ ਤੂੰ ਕਿਹੜਾ ਮੁਸਲਮਾਨ ਐ। ਨਾ ਨਮਾਜ ਨਾ ਰੋਜਾ ਨਾ ਮਸਜਦ, ਸ਼ਰਾਬ ਤੂੰ ਪੀਵੇ ਤਾਂ ਓਹ ਆਂਹਦਾ ਮੇਰੇ ਵਢੇ ਜਾਣ ਵਾਸਤੇ ਮੇਰਾ ਨਾਮ ਹੀ ਕਾਫੀ ਹੈ। ਮੇਰੇ ਨਾਲ ਦਿਲੀ 84 'ਚ ਕੀ ਹੋਇਆ। ਕੋਈ ਨਰਕਧਾਰੀ ਜਾਂ ਰਾਧਾ ਸ਼ਾਮ ਜਾਂ ਨਾਮਧਾਰੀ ਕਿਹੜਾ ਛੱਡਿਆ। ਸੋ ਦੋ ਨੰਬਰ ਵਾਲਿਓ ਨੰਬਰ ਤਾਂ ਇਕ ਨਹੀ ਤੁਸੀਂ ਹੋ ਸਕਦੇ ਪਰ ਆਪਸ ਵਿਚੀਂ ਹੀ ਇੱਕ ਹੋ ਜਾਓ। ਕਿ ਨਹੀ ਹੋਣਾ?

-ਗੁਰਦੇਵ ਸਿੰਘ ਸੱਧੇਵਾਲੀਆ

ਭਾਰਤ ਨੇ ਅਮਰੀਕਾ ਦੀਆਂ ਤਿੰਨ ਸ਼ਰਤਾਂ ਰੱਦ ਕਰ ਦਿੱਤੀਆਂ:ਅਮਰੀਕਾ ਦਾ ਭਾਰਤ ਤੇ ਭਾਰੀ ਦਬਾਅ

ਬੀਜਿੰਗ: ਅਮਰੀਕੀ ਵਿਦੇਸ਼ ਮੰਤਰੀ ਮਾਰਕੋ ਰੂਬੀਓ ਦੇ ਮੁੰਬਈ ਅਤੇ ਜਾਮਨਗਰ ਦੌਰੇ ਤੋਂ ਠੀਕ ਪਹਿਲਾਂ, ਚੀਨੀ ਕਮਿਊਨਿਸਟ ਪਾਰਟੀ ਦੇ ਮੁੱਖ ਪੱਤਰ, ਗਲੋਬਲ ਟਾਈਮਜ਼ ਨੇ ਇੱਕ ਸੰਪਾਦਕੀ ਪ੍ਰਕਾਸ਼ਿਤ ਕੀਤੀ ਹੈ ਜਿਸ ਵਿੱਚ ਭਾਰਤ ਨੂੰ "ਸਲਾਹ" ਦਿੱਤੀ ਗਈ ਹੈ। ਇਸ ਵਿੱਚ ਕਿਹਾ ਗਿਆ ਹੈ, "ਵਾਸ਼ਿੰਗਟਨ ਭਾਰਤ ਨਾਲ ਇੱਕ ਪੁਰਾਣੀ ਖੇਡ ਖੇਡ ਰਿਹਾ ਹੈ।"ਗਲੋਬਲ ਟਾਈਮਜ਼ ਨੇ ਆਪਣੇ ਸੰਪਾਦਕੀ ਵਿੱਚ ਲਿਖਿਆ, "ਅਮਰੀਕਾ-ਭਾਰਤ ਸਬੰਧਾਂ ਨੇ ਇੱਕ ਵਾਰ ਫਿਰ ਦਿਖਾਇਆ ਹੈ ਕਿ ਇੱਕ ਵੱਡੀ ਸ਼ਕਤੀ ਆਪਣੇ ਪ੍ਰਭਾਵ ਦੀ ਵਰਤੋਂ ਕਿਵੇਂ ਕਰਦੀ ਹੈ। ਵਾਸ਼ਿੰਗਟਨ ਇੱਕ ਪੁਰਾਣੀ ਖੇਡ ਖੇਡ ਰਿਹਾ ਹੈ-ਪਹਿਲਾਂ ਤੁਹਾਨੂੰ ਰਣਨੀਤਕ ਵਾਅਦਿਆਂ ਨਾਲ ਭਰਮਾਉਂਦਾ ਹੈ ਅਤੇ ਫਿਰ ਤੁਹਾਨੂੰ ਆਰਥਿਕ ਦਬਾਅ ਨਾਲ ਦਬਾਉਂਦਾ ਹੈ।" ਇਸ ਵਿੱਚ ਕਿਹਾ ਗਿਆ ਹੈ ਕਿ ਮਾਰਕੋ ਰੂਬੀਓ ਇਸ ਸਾਲ ਦੂਜੀ ਵਾਰ ਭਾਰਤ ਦਾ ਦੌਰਾ ਕਰ ਰਿਹਾ ਹੈ। ਵਾਸ਼ਿੰਗਟਨ ਇੱਕ "ਰਣਨੀਤਕ ਭਾਈਵਾਲੀ" 'ਤੇ ਚਰਚਾ ਕਰਨਾ ਚਾਹੁੰਦਾ ਹੈ, ਜਦੋਂ ਕਿ ਨਵੀਂ ਦਿੱਲੀ ਟੈਰਿਫ ਮੁੱਦੇ 'ਤੇ ਚਰਚਾ ਕਰਨਾ ਚਾਹੁੰਦੀ ਹੈ। ਦੋਵਾਂ ਧਿਰਾਂ ਦੇ ਬਿਲਕੁਲ ਵੱਖਰੇ ਏਜੰਡੇ ਹਨ। ਇਸ ਵਿੱਚ ਲਿਖਿਆ ਗਿਆ ਹੈ ਕਿ ਨੌਂ ਮਹੀਨੇ ਬੀਤ ਚੁੱਕੇ ਹਨ ਅਤੇ ਫਰਵਰੀ ਵਿੱਚ ਦਸਤਖਤ ਕੀਤੇ ਗਏ ਅਮਰੀਕਾ-ਭਾਰਤ ਵਪਾਰ ਢਾਂਚਾ ਸਮਝੌਤੇ 'ਤੇ ਅਜੇ ਵੀ ਦਸਤਖਤ ਨਹੀਂ ਕੀਤੇ ਗਏ ਹਨ। ਇਸ ਵਿੱਚ ਲਿਖਿਆ ਗਿਆ ਹੈ ਕਿ 'ਇੰਡੋ-ਪੈਸੀਫਿਕ ਰਣਨੀਤੀ', ਸਾਂਝੇ ਮੁੱਲਾਂ ਅਤੇ 'ਕੁਆਡ' ਦਾ ਹਵਾਲਾ ਦਿੰਦੇ ਹੋਏ, ਵਾਸ਼ਿੰਗਟਨ ਭਾਰਤ ਨੂੰ ਏਸ਼ੀਆ-ਪ੍ਰਸ਼ਾਂਤ ਖੇਤਰ ਵਿੱਚ ਆਪਣਾ ਸਭ ਤੋਂ ਭਰੋਸੇਮੰਦ ਭਾਈਵਾਲ ਕਹਿੰਦਾ ਹੈ। ਪਰ ਜਦੋਂ ਵਪਾਰ ਦੀਆਂ ਹਕੀਕਤਾਂ ਦੀ ਗੱਲ ਆਉਂਦੀ ਹੈ, ਤਾਂ ਉਨ੍ਹਾਂ ਦਾ ਰੁਖ਼ ਬਦਲ ਜਾਂਦਾ ਹੈ। ਭਾਰਤੀ ਸਟੀਲ 'ਤੇ ਭਾਰੀ ਟੈਰਿਫ, ਭਾਰਤੀ ਫਾਰਮਾਸਿਊਟੀਕਲ ਉਦਯੋਗ 'ਤੇ ਨਿਰੰਤਰ ਦਬਾਅ, ਅਤੇ ਭਾਰਤੀ ਆਈਟੀ ਸੇਵਾਵਾਂ ਵਿੱਚ ਰੁਕਾਵਟਾਂ। ਇਸ ਦੌਰਾਨ, ਇਸ ਸਮੇਂ ਦੌਰਾਨ, ਅਮਰੀਕਾ ਜਾਪਾਨ, ਦੱਖਣੀ ਕੋਰੀਆ ਅਤੇ ਆਸਟ੍ਰੇਲੀਆ ਨਾਲ ਬਹੁਤ ਵਧੀਆ ਵਿਵਹਾਰ ਕਰ ਰਿਹਾ ਹੈ।

ਵਰਕਰਾਂ ਦੀ ਲੋੜ

ਸਰੀ ਦੀ ਪੁਰਾਣੀ ਤੇ ਮਸ਼ਹੂਰ ਫਰੇਮਿੰਗ ਕੰਪਨੀ (ਸਮਾਰਾ ਫਰੇਮਿੰਗ ਲਿੰਮ:) ਵਾਲਿਆਂ ਨੂੰ ਵਰਕਰਾਂ ਦੀ ਤੁਰੰਤ ਲੋੜ ਹੈ। ਨਵੇਂ ਵੀ ਅਪਲਾਈ ਕਰ ਸਕਦੇ ਹਨ ਜਿਹਨਾਂ ਨੂੰ ਕੰਪਨੀ ਵੱਲੋਂ ਟਰੇਨਿੰਗ ਦਿੱਤੀ ਜਾਵੇਗੀ। ਤਨਖਾਹ ਤਜਰਬੇ ਅਨੁਸਾਰ ਵਧੀਆ ਦਿੱਤੀ ਜਾਵੇਗੀ। ਕੰਮ ਫੁੱਲ ਟਾਈਮ ਹੋਵੇਗਾ।

ਅਸੀਂ **LMIA ਉਪਲਬਧ ਕਰਾ ਸਕਦੇ ਹਾਂ**

ਹੋਰ ਜਾਣਕਾਰੀ ਲਈ ਸੰਪਰਕ ਕਰੋ

604-816-8422, 604-561-5467

Bhola
Car Seat Cover Ltd.

Specialize in Custom & Universal Seat Covers

- Leather Car Seat Covers — ਲੈਦਰ ਕਾਰ ਸੀਟ ਕਵਰ
- Leather Truck Covers — ਲੈਦਰ ਟਰੱਕ ਕਵਰ
- Truck Lino — ਟਰੱਕ ਲਾਇਨੋ



Great Deals On CAR MATS & ACCESSORIES

ਪਿਛਲੇ 30 ਸਾਲਾਂ ਤੋਂ ਸੀਟ-ਕਵਰ ਬਿਜਨਸ 'ਚ



Call:Simranjeet Singh

778-926-2662

#104-13119-84Ave, Surrey, BC

ਭਾਰਤ ਨੂੰ ਝਟਕਾ:ਚੀਨ ਨੇ ਰਾਸ਼ਟਰੀ ਸੁਰੱਖਿਆ ਦਾ ਹਵਾਲਾ ਦਿੰਦੇ ਹੋਏ ਸੁਰੰਗ ਬੋਰਿੰਗ ਮਸ਼ੀਨਾਂ ਦੇ ਨਿਰਯਾਤ 'ਤੇ ਪਾਬੰਦੀ ਲਗਾਈ



ਬੀਜਿੰਗ: ਚੀਨ ਨੇ ਐਲਾਨ ਕੀਤਾ ਕਿ ਉਸਨੇ ਸੁਰੰਗ ਬੋਰਿੰਗ ਮਸ਼ੀਨਾਂ ਦੇ ਨਿਰਯਾਤ 'ਤੇ ਪਾਬੰਦੀ ਲਗਾਈ ਹੈ। ਇਸ ਵਿੱਚ ਕਿਹਾ ਗਿਆ ਹੈ ਕਿ ਇਹ ਪਾਬੰਦੀ ਰਾਸ਼ਟਰੀ ਸੁਰੱਖਿਆ ਅਤੇ ਹਿੱਤਾਂ ਦੀ ਬਿਹਤਰ ਰੱਖਿਆ ਲਈ ਲਗਾਈ ਗਈ ਹੈ। ਇਹ ਐਲਾਨ ਅਜਿਹੇ ਸਮੇਂ ਆਇਆ ਹੈ ਜਦੋਂ ਭਾਰਤ ਪਹਿਲਾਂ ਹੀ ਕਈ ਮਹੱਤਵਪੂਰਨ ਪ੍ਰੋਜੈਕਟਾਂ ਲਈ ਚੀਨੀ ਸੁਰੰਗ ਬੋਰਿੰਗ ਮਸ਼ੀਨਾਂ ਨੂੰ ਆਯਾਤ ਕਰਨ ਵਿੱਚ ਮੁਸ਼ਕਲਾਂ ਦਾ ਸਾਹਮਣਾ ਕਰ ਰਿਹਾ ਹੈ। ਚੀਨ ਦੁਨੀਆ ਭਰ ਦੇ ਕਈ ਦੇਸ਼ਾਂ ਨੂੰ ਸੁਰੰਗ ਬੋਰਿੰਗ ਮਸ਼ੀਨਾਂ ਅਤੇ ਉਨ੍ਹਾਂ ਦੇ ਪੁਰਜ਼ੇ ਸਪਲਾਈ ਕਰਦਾ ਹੈ। ਇਸ ਲਈ, ਇਹ ਡਰ ਹੈ ਕਿ ਚੀਨ ਦੁਆਰਾ ਇਹ ਐਲਾਨ ਭਾਰਤ ਦੀਆਂ ਚਿੰਤਾਵਾਂ ਨੂੰ ਵਧਾ ਸਕਦਾ ਹੈ।। ਇਹ ਪਾਬੰਦੀਆਂ 18 ਅਕਤੂਬਰ ਨੂੰ ਲਾਗੂ ਹੋਈਆਂ।

ਅੱਖੀਂ ਘੱਟਾ ਪਾਉਣਾ ਇਸ ਨੂੰ ਕਹਿੰਦੇ ਹਨ?

ਜਥੇਦਾਰ ਗੜਗੱਜ਼ ਨੇ ਬਗ਼ੀਚੀ ਵਾਲੇ ਤੇ ਫਤਵਾ ਲਾ ਤਾ ਕਿ ਇਸਨੂੰ ਸੋਝੀ ਨਹੀਂ ਪਰ ਵੱਡੀ ਕੁਤਾਹੀ ਜੋ ਇਸਨੇ ਸਿੱਖੀ ਦੇ ਸ਼ਰੀਕ ਕੂਕਿਆਂ ਦੇ ਆਗੂ ਨੂੰ ਸਤਿਗੁਰੂ ਕਹਿਕੇ ਕੀਤੀ ਉਹ ਬੜੀ ਚੁਸਤੀ ਨਾਲ ਅੱਖੋਂ ਪਰੋਖੇ ਕਰ ਦਿੱਤੀ!

ਇਹ ਚਲਾਕੀ ਤਾਂ ਕੀਤੀ ਕਿਉਂਕਿ ਉਸੇ ਕੂਕਿਆਂ ਦੇ ਪ੍ਰੋਗਰਾਮ ਵਿਚ ਸ਼ੇਰੂ ਨਿਹੰਗ ਵੀ ਗਿਆ ਸੀ, ਉਹਨੇ ਵੀ ਗੁਰੂ ਗਰੰਥ ਸਾਹਿਬ ਦੇ ਬਰਾਬਰ ਗੱਦੀ ਤੇ ਛੱਤਰ ਲਾਕੇ ਬੈਠੇ ਕੂਕਿਆਂ ਦੇ ਆਗੂ ਦੀ ਉਸਤਤ ਕੀਤੀ। ਬਾਦਲਾਂ ਨੇ ਅਪਣੇ ਰਾਜ ਭਾਗ ਵੇਲੇ ਕੂਕਿਆਂ ਨੂੰ ਬਥੇਰੇ ਗੱਫੇ ਤੇ ਸਹੂਲਤਾਂ ਦਿੱਤੀਆਂ ਤੇ ਇਹਨਾਂ ਦੇ ਡੇਰੇ ਹਾਜ਼ਰੀਆਂ ਭਰਦੇ ਰਹੇ।ਯੂਨੀਵਰਸਿਟੀ ਵਿੱਚ ਕੂਕਿਆਂ ਦੀਆਂ ਚੇਅਰਾਂ ਸਥਾਪਾ ਕੀਤੀਆਂ। ਹੁਣ ਸ਼ੇਰੂ ਨੂੰ ਤਾਂ ਹੱਥ ਪਾਉਣ ਦੀ ਹਿੰਮਤ ਹੈ ਨਹੀਂ ਜਾਂ ਵੱਡੇ ਬਾਸ ਘੂਰੀ ਵੱਟ ਤੀ ਹੋਣੀ ਹੈ, ਇਸ ਲਈ ਇਹ ਚੋਰ ਮੋਰੀ ਲੱਭ ਲਈ। ਮੇਰੀ ਕੌਮ ਵਿਚ ਵੀ ਬਹੁਤੇ ਬਾਹਲੇ ਭੋਲੇ ਹੇ, ਇਹਨਾਂ ਖੇਖਣਾਂ ਤੇ ਹੀ ਰੀਝ ਜਾਂਦੇ ਆ। ਕੇਵਲ ਤਕਰੀਰ ਵਿੱਚ ਪੋਲਾ ਜਿਹਾ ਦੇਹਧਾਰੀਆਂ ਦੇ ਨਾ ਜਾਉ ਕਹਿ ਕੇ ਨਹੀਂ ਸਰਨਾ। ਸਖ਼ਤ ਤਾੜਨਾ ਕਰਕੇ ਦਿਖਾਓ। ਕੂਕਿਆਂ ਲਈ ਤਾਂ ਪੰਥ ਦਾ ਚਿਰੋਕਣਾ ਫੈਸਲਾ ਹੋਇਆ ਹੈ ਕਿ ਇਹਨਾਂ ਨਾਲ ਕੋਈ ਸਾਂਝ ਨਹੀਂ। ਪਰ ਇਹਨਾ ਲਈ ਰਾਜਨੀਤੀ ਜੁਗੋ ਜੁਗ ਅੱਟਲ ਗੁਰੂ ਗਰੰਥ ਸਾਹਿਬ ਜੀ ਦੀ ਅਜ਼ਮਤ ਤੋਂ ਉੱਪਰ ਹੈ।

-ਹਰਪ੍ਰੀਤ ਸਿੰਘ

ਟਾਈਗਰ ਸ਼ਰਾਫ 'ਤੇ ਹਮਲਾ ਕਰਨ ਵਾਲੇ 3 ਗ੍ਰਿਫਤਾਰ

ਮੁੰਬਈ : ਅਦਾਕਾਰ ਟਾਈਗਰ ਸ਼ਰਾਫ ਦੀ ਕਾਰ ਉੱਤੇ ਐਤਵਾਰ ਹੋਈ ਗੋਲੀਬਾਰੀ ਦੇ ਮਾਮਲੇ ਵਿੱਚ ਪੁਲਸ ਨੇ ਸੋਮਵਾਰ ਰਾਜਸਥਾਨ ਦੇ ਕੋਟਾ ਸ਼ਹਿਰ ਵਿੱਚੋਂ ਪੁਣੇ-ਜੈਪੁਰ ਸੁਪਰਫਾਸਟ ਐਕਸਪ੍ਰੈੱਸ ਵਿੱਚ ਤਿੰਨ ਸ਼ੱਕੀਆਂ ਨੂੰ ਹਿਰਾਸਤ ਵਿੱਚ ਲੈ ਲਿਆ, ਜਿਨ੍ਹਾਂ ਵਿੱਚ ਇੱਕ ਨਾਬਾਲਗ ਹੈ। ਕੋਟਾ ਦੀ ਪੁਲਸ ਕਮਿਸ਼ਨਰ ਤੇਜਸਵਨੀ ਗੌਤਮ ਨੇ ਐੱਸ ਕਾਨਫਰੰਸ ਵਿੱਚ ਦੱਸਿਆ ਕਿ ਫੜੇ ਗਏ ਮੁਲਜ਼ਮਾਂ ਵਿੱਚੋਂ ਇੱਕ ਜਣਾ ਅਨਿਲ ਪੰਡਿਤ ਦੇ ਸੰਪਰਕ ਵਿੱਚ ਸੀ, ਜੋ ਕਿ ਲਾਰੈਂਸ ਬਿਸ਼ਨੋਈ ਗੈਂਗ ਦਾ ਸਾਥੀ ਹੈ। ਇਸੇ ਗੈਂਗ ਨੇ ਹਮਲੇ ਦੀ ਜ਼ਿੰਮੇਵਾਰੀ ਲਈ ਸੀ। ਕੋਟਾ ਪੁਲਸ ਨੇ ਰੇਲਵੇ ਸਟੇਸ਼ਨ ਤੇ 15 ਮਿੰਟ ਦੇ ਛੋਟੇ ਜਿਹੇ ਅਪ੍ਰੇਸ਼ਨ ਦੌਰਾਨ ਤਿੰਨਾਂ ਨੂੰ ਕਾਬੂ ਕੀਤਾ। ਮੁਲਜ਼ਮਾਂ ਦੀ ਪਛਾਣ ਬਿਹਾਰ ਦੇ ਬੇਗੂਸਰਾਏ ਦੇ ਰਿਤਿਕ ਉਰਫ ਰੋਸ਼ਨ ਅਤੇ ਹਰਿਆਣਾ ਦੇ ਮਨੀਪਤ ਦੇ ਰਿਹਾਨ ਵਜੋਂ ਹੋਈ ਹੈ। ਮੁੱਢਲੀ ਪੁੱਛਗਿੱਛ ਵਿੱਚ ਸਾਹਮਣ ਆਇਆ ਕਿ ਇਹ ਜੈਪੁਰ ਤੋਂ ਐੱਸ ਰਾਹੀਂ ਦਿੱਲੀ ਜਾ ਕੇ ਸਰਹੱਦ ਪਾਰ ਕਰਕੇ ਨੇਪਾਲ ਜਾਣਾ ਚਾਹੁੰਦੇ ਸਨ। ਹਾਲਾਂਕਿ ਇਨ੍ਹਾਂ ਕੋਲੋਂ ਕੋਈ ਹਥਿਆਰ ਬਰਾਮਦ ਨਹੀਂ ਹੋਇਆ।

We assist businesses and individuals with legal needs in areas of :

BC NOTARIES

A TRUSTED TRADITION

Aanchal Ghai Notary Corporation

REAL ESTATE CONVEYANCING
- Sales & Purchases
- Refinancing
- Title Transfers

PERSONAL PLANNING
- Powers of Attorney
- Wills
- Representation Agreement



Aanchal Ghai
Notary Public

NOTARIZATIONS
- Affidavits
- Invitation Letters
- Certified True Copies
- Travel Consent Letter
- Statutory Declarations
- Powers of Attorney



Navdeep K Gill
Notary Public

For information call:

604-503-2227

Unit 151 - 12899, 80 Ave, Surrey, B.C. V3W 0E6 Payal Business Center on the ground floor
aanchal@ghainotary.ca navdeep@ghainotary.ca www.ghainotary.ca

Pizza Factory

ਨਵਾਂ ਪੀਜਾ ਸਟੋਰ ਖੋਲ੍ਹਣ/Franchise ਖਰੀਦਣ,
ਪੀਜੇ ਨਾਲ ਸਬੰਧਤ ਕੋਈ ਵੀ ਸਮਾਨ ਹੋਲਸੇਲ ਕੀਮਤ ਤੇ ਲੈਣ ਲਈ ਫੋਨ ਕਰੋ Ph:604-941-7000



GILL
DRAFTING LTD.

Your Satisfaction Is Our Motto

Experienced in:
- Architectural & Structural
- Residential & Commercial Drafting
- Computer Aided Home Designs

Specialized in:
- Design Controlled Subdivisions
- Custom Made & Stock Plans



Call: JATINDERPAL SINGH GILL
Bachelor in Engineering

Phone: 604-599-6886

211-12877 76 Ave, Surrey BC V3W 1E6 | Email: info@gilldrafting.com

WWW.GILLDRAFTING.COM

STUDIO 7
Cinema · Photography · Events
ਸਿਨੇਮਾ · ਸਟੂਡੀਓ · ਸਮਾਗਮ

Open 7 Days

60% OFF
On July & Aug. Events

Wedding Photography & Videography
ਵਿਆਹ ਲਈ ਫੋਟੋਗ੍ਰਾਫੀ ਅਤੇ ਵੀਡੀਓ







#103 12815 85 Ave, Surrey, BC
www.studio7production.ca | 604-442-8781

E-FILE **ਟੈਕਸ ਭਰਵਾਓ** TAX

Personal Tax Business Tax Corporate Tax
ਪਰਸਨਲ ਟੈਕਸ ਬਿਜ਼ਨੈਸ ਟੈਕਸ ਕੌਰਪੋਰੇਟ ਟੈਕਸ

Bookkeeping, T4, Payroll, GST, WCB

INDIA VISA Application ਇੰਡੀਆ ਵੀਜਾ ਐਪਲੀਕੇਸ਼ਨ

India E-Visa, Entry Visa Application for 1 Year & 5 Years
ਇੰਡੀਆ ਈ-ਵੀਜਾ, ਐਂਟਰੀ ਵੀਜਾ ਐਪਲੀਕੇਸ਼ਨ 1 ਸਾਲ ਅਤੇ 5 ਸਾਲ ਲਈ

Overseas Citizenship of India Application (OCI)
ਇੰਡੀਆ ਦਾ ਲਾਈਫ ਟਾਈਮ ਵੀਜਾ ਐਪਲੀਕੇਸ਼ਨ *(OCI)*

Passport, PCC Application (All Countries), Name Change Application
ਪਾਸਪੋਰਟ, ਪੀ ਸੀ ਸੀ ਐਪਲੀਕੇਸ਼ਨ (ਸਾਰੇ ਦੇਸ਼ਾਂ ਲਈ) ਨਾਮ ਬਦਲਣ ਦੀ ਐਪਲੀਕੇਸ਼ਨ

Immigration/ਇੰਮੀਗਰੇਸ਼ਨ

PR Card Application, Citizenship Application, Work Permit, Study Permit
LMIA, Super Visa, H&C Application, Spousal Sponsership

Pan Card Application for India
ਇੰਡੀਆ ਪੈਨ ਕਾਰਡ ਐਪਲੀਕੇਸ਼ਨ

PASSPORT PHOTOS SERVICE

Visitor Visa for USA, UK (England), Australia, Pakistan, China, Dubai (UAE),
ਵਿਜ਼ੀਟਰ ਵੀਜਾ ਐਪਲੀਕੇਸ਼ਨ Schengen Visa for Italy, France, Germany & Spain

★ ਇੰਪਲੌਇਮੈਂਟ ਇੰਸ਼ੌਰੰਸ ਐਪਲੀਕੇਸ਼ਨ
★ ਸੀ.ਪੀ.ਪੀ. ਐਪਲੀਕੇਸ਼ਨ
★ ਓਲਡ ਏਜ ਪੈਂਸਨ ਐਪਲੀਕੇਸ਼ਨ
★ ਕਨੇਡਾ ਚਾਇਲਡ ਟੈਕਸ ਬੈਨੀਫਿਟ ਐਪਲੀਕੇਸ਼ਨ (ਵਰਕ ਪਰਮਿਟ ਹੋਲਡਰ ਅਤੇ ਸਟੂਡੈਂਟ ਲਈ)

★ EI Application
★ CPP Application
★ Old Age Pension Application
★ Canada Child Tax Benefit Application (For Work Permit holders & Students)

GURJIT GILL & ASSOCIATES LTD.
ਗੁਰਜੀਤ ਗਿੱਲ (ਘਵੱਦੀ)



PH:604-767-2845, 778-565-2845

#103 - 8140 -120th St, Surrey, BC, V3V 3C9
Mon to Sat - 8:30 to 5:30
gurjitgill.associates@gmail.com

ਗੁਰਦੁਆਰਾ ਸਾਹਿਬ ਸੁਖ ਸਾਗਰ

347 Wood St New Westminster BC. Ph: 604-521-3111

* Fax: 604-521-4936 www.sukhsagar.ca email: info@sukhsagar.ca *

23 ਅਕਤੂਬਰ ਦਿਨ ਸ਼ੁੱਕਰਵਾਰ ਸਵੇਰੇ 9 ਵਜੇ ਆਰੰਭ ਸ੍ਰੀ ਅਖੰਡ ਪਾਠ ਸਾਹਿਬ ਧੰਨ ਧੰਨ ਬਾਬਾ ਬੁੱਢਾ ਸਾਹਿਬ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ ਸੇਵਾ ਸੇਵਕ ਪਰਿਵਾਰਾਂ ਵੱਲੋਂ
25 ਅਕਤੂਬਰ ਦਿਨ ਐਤਵਾਰ ਸਵੇਰੇ 8.45 ਵਜੇ ਭੋਗ ਸ੍ਰੀ ਅਖੰਡ ਪਾਠ ਸਾਹਿਬ ਧੰਨ ਧੰਨ ਬਾਬਾ ਬੁੱਢਾ ਸਾਹਿਬ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ ਸੇਵਾ ਸੇਵਕ ਪਰਿਵਾਰਾਂ ਵੱਲੋਂ
21 ਅਕਤੂਬਰ ਦਿਨ ਬੁੱਧਵਾਰ ਸਵੇਰੇ ਭੋਗ ਸ੍ਰੀ ਸਹਿਜ ਪਾਠ ਸਾਹਿਬ, ਕੀਰਤਨ ਅਤੇ ਲੰਗਰ ਦੀ ਸੇਵਾ ਭਾਈ ਰੁਪਿੰਦਰ ਸਿੰਘ ਮਾਂਗਟ ਪਰਿਵਾਰ ਵੱਲੋਂ
22 ਅਕਤੂਬਰ ਦਿਨ ਵੀਰਵਾਰ ਅਨੰਦ ਕਾਰਜ ਕਾਕਾ ਸਿਮਰਤਪਾਲ ਸਿੰਘ ਤੇਜਾ ਅਤੇ ਬੀਬਾ ਰੀਵਾ
23 ਅਕਤੂਬਰ ਦਿਨ ਸ਼ੁੱਕਰਵਾਰ ਅਨੰਦ ਕਾਰਜ ਕਾਕਾ ਅਜੀਤੋਜ ਸਿੰਘ ਸਿੱਧੂ ਅਤੇ ਬੀਬਾ ਸ਼ਰਨਪ੍ਰੀਤ ਕੌਰ ਚਾਹਲ
23 ਅਕਤੂਬਰ ਦਿਨ ਸ਼ੁੱਕਰਵਾਰ ਸ਼ਾਮ ਸਮੇਂ ਪਾਠ ਸ੍ਰੀ ਸੁਖਮਨੀ ਸਾਹਿਬ, ਕੀਰਤਨ ਅਤੇ ਲੰਗਰ ਦੀ ਸੇਵਾ ਭਾਈ ਮਨਜਿੰਦਰ ਸਿੰਘ ਸ਼ੇਰਗਿੱਲ ਪਰਿਵਾਰ ਵੱਲੋਂ
23 ਅਕਤੂਬਰ ਦਿਨ ਸ਼ੁੱਕਰਵਾਰ ਸ਼ਾਮ ਸਮੇਂ ਪਾਠ ਸ੍ਰੀ ਸੁਖਮਨੀ ਸਾਹਿਬ, ਕੀਰਤਨ ਅਤੇ ਲੰਗਰ ਦੀ ਸੇਵਾ ਭਾਈ ਪ੍ਰਭਜੀਤ ਸਿੰਘ ਸੰਘਾ ਪਰਿਵਾਰ ਵੱਲੋਂ
23 ਅਕਤੂਬਰ ਦਿਨ ਸ਼ੁੱਕਰਵਾਰ ਸ਼ਾਮ ਸਮੇਂ ਪਾਠ ਸ੍ਰੀ ਸੁਖਮਨੀ ਸਾਹਿਬ, ਕੀਰਤਨ ਅਤੇ ਲੰਗਰ ਦੀ ਸੇਵਾ ਭਾਈ ਸੁਖਮਨਦੀਪ ਸਿੰਘ ਪਰਿਵਾਰ ਵੱਲੋਂ
25 ਅਕਤੂਬਰ ਦਿਨ ਐਤਵਾਰ ਸਵੇਰੇ ਭੋਗ ਸ੍ਰੀ ਸਹਿਜ ਪਾਠ ਸਾਹਿਬ, ਕੀਰਤਨ ਅਤੇ ਲੰਗਰ ਦੀ ਸੇਵਾ ਕਾਕਾ ਗੁਰਪਾਲ ਸਿੰਘ ਜੀ ਯਾਦ ਵਿਚ ਸੇਵਾ ਸਮੂਹ ਪਰਿਵਾਰ ਵੱਲੋਂ
25 ਅਕਤੂਬਰ ਦਿਨ ਐਤਚਵਾਰ ਸਵੇਰੇ ਪਾਠ ਸ੍ਰੀ ਸੁਖਮਨੀ ਸਾਹਿਬ, ਕੀਰਤਨ ਅਤੇ ਲੰਗਰ ਦੀ ਸੇਵਾ ਭਾਈ ਅੰਮ੍ਰਿਤਪਾਲ ਸਿੰਘ ਧੂਪੜ ਪਰਿਵਾਰ ਵੱਲੋਂ
25 ਅਕਤੂਬਰ ਦਿਨ ਐਤਵਾਰ ਸਵੇਰੇ 10 ਵਜੇ ਫਿਊਨਰਲ ਅਤੇ 11.30 ਵਜੇ ਭੋਗ ਸ੍ਰੀ ਸਹਿਜ ਪਾਠ ਸਾਹਿਬ ਅਤੇ ਅੰਤਮ ਅਰਦਾਸ ਭਾਈ ਜਰਨੈਲ ਸਿੰਘ ਗਿੱਲ
25 ਅਕਤੂਬਰ ਦਿਨ ਐਤਵਾਰ ਸਵੇਰੇ 11 ਵਜੇ ਫਿਊਨਰਲ ਅਤੇ 12.30 ਵਜੇ ਭੋਗ ਸ੍ਰੀ ਸਹਿਜ ਪਾਠ ਸਾਹਿਬ ਅਤੇ ਅੰਤਮ ਅਰਦਾਸ ਭਾਈ ਕਿਰਪਾਲ ਸਿੰਘ ਨਾਗਰਾ
25 ਅਕਤੂਬਰ ਦਿਨ ਐਤਵਾਰ ਸ਼ਾਮ ਸਮੇਂ ਪਾਠ ਸ੍ਰੀ ਸੁਖਮਨੀ ਸਾਹਿਬ, ਕੀਰਤਨ ਅਤੇ ਲੰਗਰ ਦੀ ਸੇਵਾ ਭਾਈ ਕਸ਼ਮੀਰ ਸਿੰਘ ਪਰਿਵਾਰ ਵੱਲੋਂ
26 ਅਕਤੂਬਰ ਦਿਨ ਸੋਮਵਾਰ ਸ਼ਾਮ ਸਮੇਂ ਪਾਠ ਸ੍ਰੀ ਸੁਖਮਨੀ ਸਾਹਿਬ, ਕੀਰਤਨ ਅਤੇ ਲੰਗਰ ਦੀ ਸੇਵਾ ਭਾਈ ਰੁਪਿੰਦਰ ਸਿੰਘ ਭੂਪਾਲ ਪਰਿਵਾਰ ਵੱਲੋਂ



ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੇ ਪ੍ਰਕਾਸ਼ ਗੁਰਪੁਰਬ ਨੂੰ ਸਮਰਪਿਤ ਸ੍ਰੀ ਅਖੰਡ ਪਾਠ ਸਾਹਿਬ 25 ਅਕਤੂਬਰ ਦਿਨ ਐਤਵਾਰ ਸ਼ਾਮ 5 ਵਜੇ ਆਰੰਭ ਹੋਣਗੇ ਅਤੇ ਭੋਗ 27 ਅਕਤੂਬਰ ਦਿਨ ਮੰਗਲਵਾਰ ਸ਼ਾਮ 5.30 ਵਜੇ ਪਾਏ ਜਾਣਗੇ



ਸੇਵਾ ਨਿਭਾ ਰਹੇ ਜਥੇ

ਰਾਗੀ ਜਥੇ: ਭਾਈ ਕਮਲਜੀਤ ਸਿੰਘ ਰਬਾਬੀ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਭਾਈ ਗੁਰਨਾਮ ਸਿੰਘ ਰੁਦਰਪੁਰ (ਕਥਾਵਾਚਕ) ਭਾਈ ਗੁਰਸੇਵਕ ਸਿੰਘ ਢਾਡੀ ਜਥਾ:ਭਾਈ ਰਛਪਾਲ ਸਿੰਘ ਪਮਾਲ


ਵਧੇਰੇ ਜਾਣਕਾਰੀ ਜਾਂ ਗੁਰੂ ਘਰ ਵਿਖੇ ਪ੍ਰੋਗਰਾਮ ਕਰਵਾਉਣ ਲਈ

ਸੰਪਰਕ ਕਰੋ:604-537-8300

ਗੁਰੂਘਰ ਦਾ ਫੋਨ:604-521-3111 ਫੈਕਸ:604-521-4936

ਗੁਰੂ ਨਾਨਕ ਜਹਾਜ਼ ਦੀ ਸੱਚਾਈ ਕੀ ਹੈ?

ਇੱਕ ਸਾਧਾਰਨ ਉਦਾਹਰਣ ਤੋ ਗੱਲ ਸ਼ੁਰੂ ਕਰਦੇ ਹਾਂ ਕਿ, ਸਾਡੇ ਗੁਆਂਢੀ ਸ਼ਹਿਰ ਸਿਆਟਲ ਵਿੱਚ ਬੋਇੰਗ ਕੰਪਨੀ ਹਵਾਈ ਜਹਾਜ਼ ਬਣਾਉਂਦੀ ਹੈ।ਜਦ ਵੱਖ-ਵੱਖ ਦੇਸ਼ਾਂ ਦੀਆਂ ਏਅਰਲਾਈਨਾਂ ਬੋਇੰਗ ਤੋ ਹਵਾਈ ਜਹਾਜ਼ ਖ਼ਰੀਦਦੀਆਂ ਹਨ ਜਾਂ ਲੀਜ਼ ਤੋਂ ਲੈਂਦੀਆਂ ਹਨ ਤਾਂ ਓਹ ਆਪਣੀ ਹੀ ਏਅਰਲਾਈਨ ਦਾ ਨਾਂ ਵਰਤਦੀਆਂ ਹਨ ਨਾ ਕਿ ਬੋਇੰਗ ਦਾ! ਆਪਾ ਦੇਖਦੇ ਹੀ ਕਿ ਏਅਰ ਕੈਨੇਡਾ,ਏਅਰ ਇੰਡੀਆ,ਅਮਰੀਕਨ ਏਅਰ ਲਾਈਨਜ਼, ਕੈਥੇ ਪੈਸੇਫਕ,ਵੈਸਟ ਜੈਟ, ਅਤੇ ਹੋਰ ਲਾਈਨਲਾਈਜ਼ ਹਨ। ਦਰਅਸਲ ਸੱਚਾਈ ਇਹ ਹੈ ਕਿ ਕਾਮਾਗਾਟਾਮਾਰੂ ਸਟੀਮਸ਼ਿਪ ਕੰਪਨੀ ਤੋਂ *ਗੁਰੂ ਨਾਨਕ ਜਹਾਜ਼ ਸਟੀਮਸ਼ਿਪ ਕੰਪਨੀ ਨੇ 66000, ਡਾਲਰ ਦੇ ਕੇ ਛੇ ਮਹੀਨੇ ਲਈ ਜਹਾਜ਼ ਕਿਰਾਏ ਤੇ ਲਿਆ।ਮੁਸਾਫ਼ਿਰਾਂ ਨੇ ਉਸ ਯਾਤਰਾ ਨੂੰ *ਗੁਰੂ ਨਾਨਕ ਜਹਾਜ਼ ਦੇ ਮੁਸਾਫ਼ਰਾਂ* ਦੀ ਯਾਤਰਾ* ਦਾ ਨਾਂ ਦਿੱਤਾ। ਜਹਾਜ਼ ਨੂੰ *ਗੁਰੂ ਨਾਨਕ ਜਹਾਜ਼* ਨਾਂ ਦਿੱਤਾ ਨਾ ਉਸ ਵਿੱਚ ਕੋਈ ਜਪਾਨੀ ਮੁਸਾਫ਼ਰ ਸੀ ਅਤੇ ਨਾ ਜਪਾਨੀ ਨਾਂ ਨਾਲ ਲੈਣਾ ਦੇਣਾ ਸੀ, ਪਰ ਅਫ਼ਸੋਸ ਕਿ ਇਤਿਹਾਸ ਵਿੱਚ ਦਰਜ ਅਸਲ ਬਿਰਤਾਂਤ ਨੂੰ ਨਹੀਂ ਦੇਖਿਆ ਗਿਆ।ਹੁਣ ਇਹ ਸੱਚਾਈ ਬਾਬਾ ਗੁਰਦਿੱਤ ਸਿੰਘ ਵੱਲੋਂ 1920 ਚ ਲਿਖੀ ਕਿਤਾਬ *ਗੁਰੂ ਨਾਨਕ ਜਹਾਜ਼ ਦੇ ਮੁਸਾਫ਼ਰਾਂ ਦੀ ਦਰਦ ਭਰੀ ਦਾਸਤਾਨ* ਦੇ ਰਾਹੀਂ ਸਾਹਮਣੇ ਆਈ ਹੈ ਕਿ ਮੁਸਾਫਰਾਂ ਨੇ ਆਪਣੇ ਸਫਰ ਨੂੰ *ਗੁਰੂ ਨਾਨਕ ਜਹਾਜ਼ ਦੇ ਮੁਸਾਫਰਾਂ ਦਾ ਸਫ਼ਰ* ਨਾਂ ਦਿੱਤਾ। ਸਾਨੂੰ ਹੁਣ ਇਸ ਬਿਰਤਾਂਤ ਨੂੰ ਅਸਲ ਨਾਂ ਨਾਲ ਚੇਤੇ ਕਰਨਾ ਚਾਹੀਦਾ ਹੈ।ਆਪ ਜੀ ਦੀ ਜਾਣਕਾਰੀ ਲਈ ਇਹ ਕਿਤਾਬ ਡਾਕਟਰ ਗੁਰਦੇਵ ਸਿੰਘ ਸਿੱਧੂ ਵੱਲੋਂ ਸੰਪਾਦਿਤ ਕੀਤੀ ਗਈ ਹੈ, ਜੋ 2014 ਵਿੱਚ ਸੰਪਾਦਕ ਕੀਤੀ ਸੀ, ਪਰ ਮਾਫ਼ੀ ਮੰਗਵਾਉਣ ਵਾਲੀ ਸੰਸਥਾ ਤੋਂ ਕਿਤਾਬ ਪੜੀ ਨਹੀਂ ਗਈ ਜਾਂ ਕਹਿ ਦਈਏ ਕਿ ਅਣਗੌਲੀ ਹੋ ਗਈ, ਜਿਸ ਕਰਕੇ ਸੁਬਮਿਟਟਦ ਰਦਚੋਰਦ ਨੂੰ ਮੁੱਖ ਰੱਖਦੇ ਹੋਏ ਨਵੰਬਰ 2016 ਵਿੱਚ ਕੈਨੇਡਾ ਦੇ ਪਾਰਲੀਮੈਂਟ ਵਿੱਚ ਉਸ ਸਮੇਂ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਜੀ ਨੇ ਮਾਫ਼ੀ ਮੰਗੀ ਸੀ।ਡਾਕਟਰ ਗੁਰਦੇਵ ਸਿੰਘ ਸਿੱਧੂ ਜੀ 2024 ਵਿੱਚ ਜਦ 110 ਵੀ ਵਰ੍ਹੇਗੰਢ ਤੇ ਕੈਨੇਡਾ ਆਏ ਤਾਂ ਓਹਨਾ ਇਹ ਗੁਰੂ ਨਾਨਕ ਜਹਾਜ ਕਿਤਾਬ ਰਲੀਜ ਕੀਤੀ ਅਤੇ ਜਾਣਕਾਰੀ ਦੇ ਕੇ ਜਾਗ੍ਰਿਤੀ ਪੈਦਾ ਕਰ ਦਿੱਤੀ।ਮੈਨੂੰ ਇਹ ਕਿਤਾਬ ਸਾਰੇ ਸਬੂਤਾਂ ਨਾਲ ਪੜਨ ਦਾ ਮੌਕਾ ਮਿਲਿਆ।ਡਾਕਟਰ ਸਿੱਧੂ ਜੀ ਨੇ ਦਰਜਨ ਦੇ ਕਰੀਬ ਗ਼ਦਰ ਨਾਲ ਸੰਬੰਧਿਤ ਕਿਤਾਬਾਂ ਸੰਪਾਦਿਤ ਕੀਤੀਆਂ ਹਨ। ਜਿਹੜੇ ਵੀਰ ਲਕੀਰ ਦੇ ਫ਼ਕੀਰ ਬਣ ਰਹੇ ਹਨ ਅਤੇ ਆਪਣਾ ਅਨਾੜੀਪੁਣਾ ਜੱਗ ਜ਼ਾਹਿਰ ਕਰਕੇ ਅਕਲ ਤੇ ਪਿਆ ਪਰਦਾ ਸਾਫ਼ ਦਿਖਾ ਰਹੇ ਹਨ, ਓਹ ਹਾਸੋਹੀਣੀ ਗੱਲ ਲਗਦੀ ਹੈ, ਜਦ ਕਿ ਸਾਇੰਸ ਅਤੇ ਤਕਨਾਲੋਜੀ ਹਰ ਰੋਜ਼ ਨਵੀਆਂ ਖੋਜਾਂ ਕਰਕੇ ਸਾਨੂੰ ਹੈਰਾਨ ਅਤੇ ਜਾਗਰੂਕ ਕਰ ਰਹੀ ਹੈ। ਇਹਨਾਂ ਨਵੀਆਂ ਖੋਜਾਂ ਤੋਂ ਸਾਡੇ ਵਿਗਿਆਨੀਆਂ ਅਤੇ ਡਾਕਟਰਾਂ ਨੂੰ ਹਰ ਰੋਜ਼ ਨਵਾਂ ਸਿੱਖਣ ਨੂੰ ਮਿਲਦਾ ਹੈ, ਓਹ ਕਦੇ ਨਹੀਂ ਕਹਿੰਦੇ ਕਿ ਪਹਿਲਾਂ ਕੀ ਸੀ ? ਅਸੀਂ ਨਵੀਂ ਖੋਜ ਨਹੀਂ ਮੰਨਦੇ ਕਹਿ ਕਿ ਆਪਣੇ ਆਪ ਤੇ ਮੂਰਖਤਾ ਸਾਬਤ ਨਹੀਂ ਕਰਦੇ ਬਲਕਿ ਧੰਨਵਾਦ ਕਰਦੇ ਹੋਏ ਖੁਸ਼ੀ ਨਾਲ ਨਵੀਆਂ ਜਾਣਕਾਰੀਆਂ ਪ੍ਰਯੋਗ ਵਿੱਚ ਲਿਆਉਂਦੇ ਹਨ।ਇਸ ਲਈ ਜਿਹੜੇ ਵੀ ਲੋਕ ਜਾਣਦੇ ਹੋਏ ਜਾਂ ਅਣਜਾਣ ਬਣ ਕੇ ਆਪਣੀ ਅਗਿਆਨਤਾ ਦਾ ਪ੍ਰਗਟਾਵਾ ਕਰਦੇ ਹਨ, ਓਹ ਵਧੀਆ ਗੱਲ ਨਹੀਂ ਹੈ। ਅੱਜ ਦੇ ਤਕਨਾਲੋਜੀ ਦੇ ਯੁੱਗ ਵਿੱਚ ਹਰ ਇੱਕ ਦੀ ਮੁੱਠੀ ਵਿੱਚ ਹਰ ਜਾਣਕਾਰੀ ਉਪਲਬਧ ਹੈ। ਇਸ ਤੋਂ ਬਾਅਦ ਵੈਨਕੂਵਰ ਸਿਟੀ ਹਾਲ ਨੇ ਵੀ ਮਾਫ਼ੀ ਵੀ ਮੰਗੀ ਹੈ ਅਤੇ ਫਰੇਚਲਓਮਓਟਿਨ ਜਾਰੀ ਕਰਕੇ 23 ਮਈ ਗੁਰੂ ਨਾਨਕ ਜਹਾਜ਼ ਯਾਦਗਾਰੀ ਦਿਵਸ ਐਲਾਨ ਦਿੱਤਾ ਹੈ।ਏਸ ਲਈ ਹੁਣ ਇਹ ਹੰਭਲਾ ਮਾਰਨ ਦੀ ਲੋੜ ਹੈ ਕਿ ਕੈਨੇਡਾ ਦੇ ਪਾਰਲੀਮੈਂਟ ਮੈਂਬਰਾਂ ਤੇ ਸਰਬਸੰਮਤੀ ਨਾਲ ਸਾਰੇ ਹੀ ਇੱਕ ਜੁੱਟ ਹੋ ਕੇ ਦਬਾਅ ਪਾਈਏ ਕਿ ਕਾਮਾਗਾਟਾ ਵਾਲ਼ੀ ਮਾਫ਼ੀ ਨੂੰ ਸੋਧ ਕੇ "ਗੁਰੂ ਨਾਨਕ ਜਹਾਜ ਦੇ ਮੁਸਾਫ਼ਰਾਂ " ਨਾਲ ਹੋਈ ਵਧੀਕੀ ਅਤੇ ਅੱਤਿਆਚਾਰ ਲਈ ਨਵਾਂ ਦਰੁਸਤੀ ਦਾ ਪ੍ਰੋਕਲੇਮੇਸਨ ਪੱਤਰ ਜਾਰੀ ਕੀਤਾ ਜਾਵੇ, ਤਾਂ ਇਹ ਸਾਡੇ ਓਹਨਾਂ 377 ਮੁਸਾਫ਼ਰਾਂ ਨੂੰ ਸੱਚੀ ਸਰਧਾਂਜਲੀ ਹੋਵੇਗੀ ਜਿਨ੍ਹਾਂ ਦੀ ਬਦੌਲਤ ਅੱਜ ਅਸੀਂ ਕੈਨੇਡਾ ਵਿੱਚ ਮੌਜਾਂ ਮਾਣ ਰਹੇ ਹਾਂ ਅਤੇ ਭਾਰਤੀ ਲੋਕ ਆਜ਼ਾਦੀ ਮਾਣ ਰਹੇ ਹਨ ।ਮੇਰੀ ਬੇਨਤੀ ਹੈ ਕਿ ਜੇਕਰ ਅਜੇ ਵੀ ਕੋਈ ਸ਼ੱਕ ਦੀ ਗੁੰਜਾਇਸ਼ ਹੈ ਤਾਂ ਪੰਜਾਬੀ ਫ਼ਿਲਮ ਗੁਰੂ ਨਾਨਕ ਜਹਾਜ




ਜਰੂਰ ਦੇਖੀ ਜਾਵੇ ਜੋ ਨੈੱਟ ਤੇ ਮੌਜੂਦ ਹੈ ਅਤੇ ਗੁਰੂ ਨਾਨਕ ਜਹਾਜ ਕਿਤਾਬ ਨੂੰ ਜਰੂਰ ਪੜ੍ਹ ਲੈਣਾ ਚਾਹੀਦਾ ਹੈ ਜਿਸ ਵਿੱਚ ਸਾਰੇ ਡਾਕੂਮੈਟਰੀ ਪਰੂਫ ਦਰਜ ਹਨ।ਬਹੁਤ ਬਹੁਤ ਧੰਨਵਾਦ



-ਜਗਰੂਪ ਸਿੰਘ:ਗਦਰ ਮੈਮੋਰੀਅਲ ਸੋਸਾਇਟੀ ਆਫ਼ ਬੀ.ਸੀ. ਕੈਨੇਡਾ:604 488 9600

ਯਟਿਊਬਰ ਰਾਠੀ ਨੇ ਭਾਰਤ ਵਿੱਚ ਚੋਣ ਬੇਨਿਯਮੀਆਂ ਵਿਰੁੱਧ ਲੰਡਨ ਵਿੱਚ ਵਿਰੋਧ ਪ੍ਰਦਰਸ਼ਨ ਦੀ ਕੀਤੀ ਅਗਵਾਈ

ਲੰਦਨ:ਯੂਟਿਊਬਰ ਧਰੁਵ ਰਾਠੀ ਨੇ ਭਾਰਤ ਵਿੱਚ ਕਥਿਤ ਚੋਣ ਬੇਨਿਯਮੀਆਂ ਵਿਰੁੱਧ ਲੰਡਨ ਵਿੱਚ ਇੱਕ ਵਿਰੋਧ ਪ੍ਰਦਰਸ਼ਨ ਦੀ ਅਗਵਾਈ ਕੀਤੀ, ਜਿਸ ਵਿੱਚ ਪ੍ਰਦਰਸ਼ਨਕਾਰੀਆਂ ਨੇ ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਦੇ ਅਸਤੀਫ਼ੇ ਦੀ ਮੰਗ ਕੀਤੀ।ਧਰੁਵ ਰਾਠੀ ਅਤੇ ਹੋਰ ਪ੍ਰਦਰਸ਼ਨਕਾਰੀਆਂ ਨੇ ਭਾਰਤ ਦੇ ਚੋਣ ਕਮਿਸ਼ਨ ਨੂੰ ਚੋਣ ਪ੍ਰਕਿਰਿਆ ਨਾਲ ਸਬੰਧਤ ਸਵਾਲਾਂ ਨੂੰ ਹੱਲ ਕਰਨ ਅਤੇ ਬੇਨਿਯਮੀਆਂ ਦੇ ਦੋਸ਼ਾਂ 'ਤੇ ਜਵਾਬਦੇਹੀ ਯਕੀਨੀ ਬਣਾਉਣ ਦੀ ਮੰਗ ਕੀਤੀ।ਇਹ ਪ੍ਰਦਰਸ਼ਨ ਭਾਰਤ ਵਿੱਚ ਵੋਟਰ ਸੂਚੀਆਂ, ਚੋਣ ਪਾਰਦਰਸ਼ਤਾ ਅਤੇ ਸੰਵਿਧਾਨਕ ਸੰਸਥਾਵਾਂ ਦੀ ਆਜ਼ਾਦੀ ਨੂੰ ਲੈ ਕੇ ਇੱਕ ਵਿਆਪਕ ਰਾਜਨੀਤਿਕ ਬਹਿਸ ਦੇ ਵਿਚਕਾਰ ਹੋਇਆ ਹੈ। ਵਿਰੋਧੀ ਪਾਰਟੀਆਂ ਨੇ ਵਾਰ-ਵਾਰ ਚੋਣ ਪ੍ਰਕਿਰਿਆ ਬਾਰੇ ਚਿੰਤਾਵਾਂ ਜ਼ਾਹਰ ਕੀਤੀਆਂ ਹਨ, ਜਦੋਂ ਕਿ ਚੋਣ ਕਮਿਸ਼ਨ ਨੂੰ ਗਲਤ ਕੰਮਾਂ ਦੇ ਦੋਸ਼ਾਂ ਦਾ ਜਵਾਬ ਦੇਣ ਲਈ ਕਾਲਾਂ ਦਾ ਸਾਹਮਣਾ ਕਰਨਾ ਪਿਆ ਹੈ।



ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ

www.singhsabhasurrey.com

8115, 132 ਸਟਰੀਟ, ਸਰੀ, ਬੀ.ਸੀ. V3W 4N5

ਗੁਰਦੁਆਰਾ ਸਾਹਿਬ ਦੇ ਹਰ ਰੋਜ਼ ਦੇ ਪ੍ਰੋਗਰਾਮ

ਸਵੇਰੇ
ਦਰਵਾਜ਼ੇ ਖੁੱਲ੍ਹਣ ਦਾ ਸਮਾਂ ਅਤੇ ਪ੍ਰਕਾਸ਼ ਗੁਰੂ ਗ੍ਰੰਥ ਸਾਹਿਬ ਜੀ: 4.00 ਵਜੇ
ਸਹਿਜ ਪਾਠ:4.30-6.00 ਵਜੇ
ਆਸਾ ਕੀ ਵਾਰ: 6.00-7.45
ਅਰਦਾਸ/ਹੁਕਮਨਾਮਾ:7.45-8.00 ਵਜੇ
ਕਥਾ ਹੁਕਮਨਾਮਾ: 8:00-8:30 ਵਜੇ
ਕੀਰਤਨ:8.30-9.40 ਵਜੇ
ਕਥਾ:9.40-10.30 ਵਜੇ
ਢਾਡੀ:10.30-11.30
ਸਮਾਪਤੀ
ਸ਼ਾਮ ਦੇ ਦੀਵਾਨ
ਚੌਂਕੀ ਸੋਦਰ: 4.30-5.00
ਪਾਠ ਸੋਦਰ:5.00-5.30
ਗੁਰਬਾਣੀ ਕੀਰਤਨ:5.30-6.40
ਕਥਾ:6.40-7.15
ਢਾਡੀ:7.15-8.00
ਸਮਾਪਤੀ

ਸੁਖਮਨੀ ਸਾਹਿਬ ਦਾ ਪਾਠ ਅਤੇ ਸਿਮਰਨ

ਬੀਬੀਆਂ ਵੱਲੋਂ ਸੁਖਮਨੀ ਸਾਹਿਬ ਦੇ ਪਾਠ:
ਹਰ ਮੰਗਲਵਾਰ 11.30 ਤੋਂ 1.30 ਵਜੇ ਤੱਕ

ਇਸ ਹਫਤੇ ਗੁਰਦੁਆਰਾ ਸਾਹਿਬ ਵਿਖੇ ੧) ਉੱਤਰ ਪ੍ਰਦੇਸ਼(UP) ਅਤੇ ਉੱਤਰਾਖੰਡ ਦੀਆਂ ਦੀ ਸੰਗਤ ਵੱਲੋਂ ੨) ਭਗਤ ਸੈਣ ਜੀ ਦੇ ਆਗਮਨ ਪੁਰਬ ਤੇ ਸੰਗਤ ਵੱਲੋਂ ੩) ਭਾਈ ਸੇਵਾ ਸਿੰਘ ਮੁੰਡੀ ਪ੍ਰਵਾਰ ਵੱਲੋਂ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋਣਗੇ।ਇਹ ਅਖੰਡ ਪਾਠ 24 ਅਕਤੂਬਰ ਦਿਨ ਸ਼ੁੱਕਰਵਾਰ ਸਵੇਰੇ 9:30 ਵਜੇ ਆਰੰਭ ਹੋਣਗੇ ਜਿਨ੍ਹਾਂ ਦੇ ਭੋਗ 26 ਅਕਤੂਬਰ ਦਿਨ ਐਤਵਾਰ ਸਵੇਰੇ 9:30 ਵਜੇ ਪੈਣਗੇ। ਉਪਰੰਤ ਦੀਵਾਨ ਸਜਾਏ ਜਾਣਗੇ ਅਤੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ ਜੀ।



• 24 ਅਕਤੂਬਰ ਦਿਨ ਸ਼ਨਿੱਚਰਵਾਰ ਸਵੇਰੇ 10 ਵਜੇ ਪਾਠ ਸੁਖਮਨੀ ਸਾਹਿਬ, ਕੀਰਤਨ ਅਤੇ ਲੰਗਰ ਦੀ ਸੇਵਾ ੧) ਭਾਈ ਗੁਰਸੇਵਕ ਸਿੰਘ ਹੇਅਰ
੨) ਬੀਬੀ ਤਜਿੰਦਰ ਕੌਰ ਤੰਬੜ ਪ੍ਰਵਾਰ ਵੱਲੋਂ ਹੋਵੇਗੀ।

•24 ਅਕਤੂਬਰ ਦਿਨ ਸ਼ਨਿੱਚਰਵਾਰ ਸ਼ਾਮ 5:30 ਵਜੇ ਪਾਠ ਸੁਖਮਨੀ ਸਾਹਿਬ, ਲੰਗਰ ਅਤੇ ਕੀਰਤਨ ਦੀ ਸੇਵਾ 1) ਭਾਈ ਅਰਸ਼ਪ੍ਰੀਤ ਸਿੰਘ
੨) ਭਾਈ ਮਨਜੀਤ ਸਿੰਘ ਸੰਘਾ ਪ੍ਰਵਾਰ ਵੱਲੋਂ ਹੋਵੇਗੀ।

•ਅੰਤਿਮ ਸਸਕਾਰ ਸਵ ਭਾਈ ਲਛਮਣ ਸਿੰਘ ਗਿੱਲ ਰਿਵਰਸਾਇਡ ਫਿਊਨਰਲ ਹੋਮ ਵਿਖੇ 26 ਅਕਤੂਬਰ ਦਿਨ ਸੋਮਵਾਰ 1 ਵਜੇ ਹੋਵੇਗਾ ਉਪਰੰਤ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਰੀ ਵਿਖੇ 2.30 ਵਜੇ ਭੋਗ ਪੈਣਗੇ ਅਤੇ ਅੰਤਿਮ ਅਰਦਾਸ ਹੋਵੇਗੀ।

ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਰੀ ਵੱਲੋਂ ਸੰਪੂਰਨ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਬਾਣੀ ਦੀ ਪਾਠ ਸੰਥਿਆ ਦੀ ਕਲਾਸ ਹਰ ਹਫਤੇ ਸੋਮਵਾਰ ਤੋਂ ਵੀਰਵਾਰ ਸ਼ਾਮ 7 ਤੋਂ 8 ਵਜੇ ਤੱਕ ਲਗਦੀ ਹੈ ਆਪ ਸਮੂਹ ਸੰਗਤਾਂ ਨੂੰ ਬੇਨਤੀ ਹੈ ਕਿ ਵੱਧ ਚੜ੍ਹ ਕੇ ਲਾਹੇ ਪ੍ਰਾਪਤ ਕਰੋ ਜੀ।

ਨੋਟ:ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਰੀ ਵਿਖੇ ਹਰ ਸ਼ੁੱਕਰਵਾਰ ਸਵੇਰੇ 10 ਤੋਂ 12 ਵਜੇ ਤੱਕ ਬਜ਼ੁਰਗਾਂ ਵਾਸਤੇ ਟੈਕਸ ਫਾਰਮ, ਬੁਢਾਪਾ ਪੈਨਸ਼ਨ, ਕੰਮ ਦੀ ਪੈਨਸ਼ਨ, ਪੀ ਆਰ ਕਾਰਡ ਫਾਰਮ, ਸਿਟੀਜਨਸ਼ਿਪ ਫਾਰਮ, ਬੱਸ ਪਾਸ ਫਾਰਮ , ਪਾਸਪੋਰਟ ਫਾਰਮ ਇਤਿਆਦ ਫਾਰਮ ਮੁਫਤ ਵਿਚ (Free Service) ਭਰੇ ਜਾਂਦੇ ਹਨ।

ਵਿਸ਼ੇਸ਼ ਨੋਟ:ਸੋਮਵਾਰ ਤੋਂ ਵੀਰਵਾਰ ਸੰਥਿਆ ਕਲਾਸ ਅਤੇ ਵਿਆਕਰਣ ਕਲਾਸ ਸ਼ਾਮ 7-8 ਵਜੇ ਤੱਕ

ਰਾਗੀ ਜਥਾ:ਭਾਈ ਦਿਆਲ ਸਿੰਘ ਜੀ, ਭਾਈ ਪਰਮਿੰਦਰ ਸਿੰਘ ਜੀ ਕਥਾਵਾਚਕ:ਭਾਈ ਗੁਰਸ਼ਰਨ ਸਿੰਘ ਚੀਮਾ ਢਾਡੀ ਜਥਾ ਭਾਈ ਵਰਿੰਦਰ ਸਿੰਘ ਵਾਰਸ

ਕਿਸੇ ਪਰਿਵਾਰ ਨੇ ਕੋਈ ਵੀ ਪ੍ਰੋਗਰਾਮ ਬੁੱਕ ਕਰਵਾਉਣਾ ਹੋਵੇ ਤਾਂ ਪ੍ਰਬੰਧਕਾਂ ਨਾਲ ਸੰਪਰਕ ਕਰੋ
ਫੋਨ:604-590-3232, 604-590-3224

ਆਰ.ਐਸ.ਐਸ ਸੰਗਠਨ ਵੀ ਹੋਇਆ ਚਿੰਤਤ
ਭਾਰਤ 'ਚ ਬੰਗਲਾਦੇਸ਼ ਅਤੇ ਫਰਾਂਸ ਵਰਗੇ ਹਾਲਾਤ ਬਣਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ:ਭਾਗਵਤ

ਨਾਗਪੁਰ : ਆਰ.ਐਸ.ਐਸ. ਮੁਖੀ ਮੋਹਨ ਭਾਗਵਤ ਨੇ ਕਿਹਾ ਕਿ ਭਾਰਤ ਵਿੱਚ ਵੀ ਫਰਾਂਸ ਅਤੇ ਬੰਗਲਾਦੇਸ਼ ਵਰਗੇ ਹਾਲਾਤ ਬਣਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ । ਦੁਨੀਆ ਵਿੱਚ ਅਜਿਹੀਆਂ ਤਾਕਤਾਂ ਹਨ, ਜੋ ਭਾਰਤ ਨੂੰ ਦਬਾਉਣਾ ਚਾਹੁੰਦੀਆਂ ਹਨ।

ਉਨ੍ਹਾਂ ਦਾ ਮਕਸਦ ਸੱਤਾ ਪਰਿਵਰਤਨ ਕਰਕੇ ਹਾਲਾਤ ਸੁਧਾਰਨਾ ਨਹੀਂ, ਸਗੋਂ ਆਪਣੇ ਕਠਪੁਤਲੀ ਬਿਠਾਉਣਾ ਹੈ।ਭਾਗਵਤ ਮੰਗਲਵਾਰ ਨੂੰ ਨਾਗਪੁਰ ਸੰਘ ਮੁੱਖ ਦਫ਼ਤਰ ਵਿਖੇ ਆਯੋਜਿਤ ਵਿਜੇਦਸ਼ਮੀ ਉਤਸਵ ਵਿੱਚ ਬੋਲ ਰਹੇ ਸਨ। ਇਸ ਦੌਰਾਨ ਉਨ੍ਹਾਂ ਕਿਹਾ ਕਿ ਕੁਝ ਲੋਕ ਭਾਰਤ ਅਤੇ ਹਿੰਦੂ ਸਮਾਜ ਨੂੰ ਤੋੜਨਾ ਚਾਹੁੰਦੇ ਹਨ ਅਤੇ ਉਨ੍ਹਾਂ ਨੂੰ ਅਜਿਹੇ ਆਗੂਆਂ ਦਾ ਸਮਰਥਨ ਵੀ ਮਿਲਦਾ ਹੈ। ਭਾਗਵਤ ਨੇ ਕਿਹਾ ਲੋਕਤੰਤਰ ਵਿੱਚ ਅੰਦੋਲਨ ਹੋਣਾ ਸੁਭਾਵਿਕ ਹੈ, ਪਰ



ਅੰਦੋਲਨਾਂ ਦਾ ਉਦੇਸ਼ ਸਮੱਸਿਆਵਾਂ ਦਾ ਹੱਲ ਹੋਣਾ ਚਾਹੀਦਾ, ਨਾ ਕਿ ਸਮਾਜ ਵਿੱਚ ਵੰਡ ਪੈਦਾ ਕਰਨਾ।ਆਰ. ਐਸ.ਐਸ. ਹਰ ਸਾਲ ਵਿਜੇਦਸ਼ਮੀ 'ਤੇ ਆਪਣਾ ਸਥਾਪਨਾ ਦਿਵਸ ਮਨਾਉਂਦਾ ਹੈ। 1925 ਵਿੱਚ ਇਸੇ ਦਿਨ ਸੰਘ ਦੀ ਸਥਾਪਨਾ ਹੋਈ ਸੀ। ਭਾਗਵਤ ਨੇ ਪ੍ਰੋਗਰਾਮ ਵਿੱਚ ਸ਼ਸਤਰ ਪੂਜਾ ਕੀਤੀ।

ਧਰੂ ਤਾਰੇ ਵਾਂਗ ਅਡੋਲਤਾ ਦੀ ਮੂਰਤ? ਜਿਹੋ ਜਿਹਾ ਜਿਗਰਾ ਦੇ ਕੇ ਪ੍ਰਮਾਤਮਾ ਨੇ ਪਰਮਿੰਦਰ ਦੇ ਪਰਿਵਾਰ ਨੂੰ ਧਰਤੀ 'ਤੇ ਭੇਜਿਆ ਹੈ!

ਅਸੀਂ ਇਤਿਹਾਸ ਦੇ ਪੰਨਿਆਂ ਵਿੱਚ ਸੂਰਮਿਆਂ ਅਤੇ ਕੁਰਬਾਨੀ ਕਰਨ ਵਾਲੇ ਪਰਿਵਾਰਾਂ ਬਾਰੇ ਪੜ੍ਹਦੇ ਹਾਂ, ''ਪਰ ਅੱਜ ਜਦੋਂ ਅਜਿਹੇ ਪਰਿਵਾਰ ਨੂੰ ਅੱਖੀਂ ਦੇਖਿਆ ਤਾਂ ਰੂਹ ਅੰਦਰ ਤੱਕ ਗਦਗਦ ਹੋ ਗਈ। ਸਰਦਾਰ ਪਰਮਿੰਦਰ ਸਿੰਘ ਝੋਟਾ ਅਤੇ ਉਨ੍ਹਾਂ ਦਾ ਪਰਿਵਾਰ ਦੇਖ ਕੇ ਇੰਜ ਮਹਿਸੂਸ ਹੁੰਦਾ ਹੈ ਜਿਵੇਂ ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਸੱਚੇ ਪਾਤਸ਼ਾਹ ਨੇ ਇਨ੍ਹਾਂ ਨੂੰ ਖ਼ੁਦ ਥਾਪੜਾ ਦੇ ਕੇ, ਪੰਜਾਬ ਦੀ ਜਵਾਨੀ ਨੂੰ ਬਚਾਉਣ ਅਤੇ ਜ਼ੁਲਮ ਵਿਰੁੱਧ ਲੜਨ ਲਈ ਇੱਕ ਖ਼ਾਸ ਮਿਸ਼ਨ 'ਤੇ ਭੇਜਿਆ ਹੋਵੇ।

ਆਮ ਤੌਰ 'ਤੇ ਅਸੀਂ ਦੇਖਦੇ ਹਾਂ ਕਿ ਕਿਸੇ ਪਰਿਵਾਰ ਵਿੱਚੋਂ ਇੱਕ ਜਾਂ ਦੋ ਜੀਅ ਕੁਰਬਾਨੀ ਦੇ ਰਾਹ 'ਤੇ ਤੁਰਦੇ ਹਨ, ''''ਪਰ ਇੱਥੇ ਤਾਂ ਪੂਰਾ ਪਰਿਵਾਰ ਹੀ ਸਿਦਕ ਅਤੇ ਅਡੋਲਤਾ ਦੀ ਇੱਕ ਅਜਿਹੀ ਮਿਸਾਲ ਹੈ ਜਿਸ ਦੀ ਉਦਾਹਰਨ ਮਿਲਣੀ ਮੁਸ਼ਕਿਲ ਹੈ। ਜਿੱਥੇ ਵੱਡੇ-ਵੱਡੇ ਸੂਰਮੇ ਹਾਲਾਤ ਅੱਗੇ ਡੋਲ ਜਾਂਦੇ ਹਨ, ਉੱਥੇ ਇਹ ਪਰਿਵਾਰ ਪੰਜਾਬ ਦੇ ਉੱਜੜ ਰਹੇ ਘਰਾਂ ਨੂੰ ਬਚਾਉਣ ਲਈ ਚੱਟਾਨ ਵਾਂਗ ਦ੍ਰਿੜ੍ਹ ਖੜ੍ਹਾ ਹੈ।

ਮੈਂ ਦਿਲ ਦੀਆਂ ਗਹਿਰਾਈਆਂ ਤੋਂ ਸਜਦਾ ਕਰਦਾ ਹਾਂ?

ਉਸ ਅਣਖੀ ਮਾਂ ਅਤੇ ਬਾਪ ਨੂੰ, ਜਿਨ੍ਹਾਂ ਨੇ ਆਪਣੀ ਕੁੱਖੋਂ ਅਜਿਹੇ ਨਿਡਰ ਪੁੱਤ ਨੂੰ ਜਨਮ ਦਿੱਤਾ ਅਤੇ ਹਮੇਸ਼ਾ ਹੱਕ-ਸੱਚ ਦੀ ਲੜਾਈ ਲੜਨ ਦੀ ਗੁੜ੍ਹਤੀ ਦਿੱਤੀ। ਉਸ ਜੀਵਨ ਸਾਥਣ ਨੂੰ, ਜੋ ਦੁਨੀਆ ਦੇ ਹਰ ਡਰ ਅਤੇ ਸਮਾਜਿਕ ਦਬਾਅ ਤੋਂ ਮੁਕਤ ਹੋ ਕੇ, ਆਪਣੇ ਪਤੀ ਦੇ ਮੋਢੇ ਨਾਲ ਮੋਢਾ ਜੋੜ ਕੇ ਇਸ ਔਖੇ ਰਾਹ 'ਤੇ ਹਿੱਕ ਤਣ ਕੇ ਖੜ੍ਹੀ ਹੈ।

ਉਨ੍ਹਾਂ ਦੋਵਾਂ ਮਾਸੂਮ ਬੱਚਿਆਂ ਨੂੰ,'' ਜਿਨ੍ਹਾਂ ਦੇ ਚਿਹਰਿਆਂ ਦੀ ਮਾਸੂਮੀਅਤ ਵਿੱਚ ਵੀ ਇੱਕ ਅਜਿਹੀ ਦਲੇਰੀ ਝਲਕਦੀ ਹੈ ਜੋ ਪੰਜਾਬ ਦੇ ਆਉਣ ਵਾਲੇ ਸੁਨਹਿਰੀ ਅਤੇ ਨਸ਼ਾ-ਮੁਕਤ ਭਵਿੱਖ ਦੀ ਗਵਾਹੀ ਦਿੰਦੀ ਹੈ।

ਪਰਮਿੰਦਰ ਸਿੰਘ ਝੋਟਾ ਨੇ ਪੰਜਾਬ ਦੀ ਬਰਬਾਦ ਹੋ ਰਹੀ ਜਵਾਨੀ ਨੂੰ ਨਸ਼ਿਆਂ ਦੇ ਦਲਦਲ ਵਿੱਚੋਂ ਕੱਢਣ ਲਈ ਜੋ ਜਨ-ਲਹਿਰ ਖੜ੍ਹੀ ਕੀਤੀ ਹੈ, ਉਹ ਸਿਰਫ਼ ਇੱਕ ਇਲਾਕੇ ਜਾਂ ਪੰਜਾਬ ਤੱਕ ਸੀਮਤ ਨਹੀਂ ਰਹਿਣੀ। ਆਉਣ ਵਾਲੇ ਸਮੇਂ ਵਿੱਚ ਇਹ ਮੁਹਿੰਮ ਪੂਰੇ ਦੇਸ਼ ਲਈ ਇੱਕ #ਧਰੂ ਤਾਰੇ ਵਾਂਗ ਸਦਾ ਚਮਕਦੀ ਰਹੇਗੀ, ਜੋ ਭਟਕੇ ਹੋਏ ਨੌਜਵਾਨਾਂ ਨੂੰ ਸਹੀ ਰਸਤਾ ਦਿਖਾਏਗੀ।



ਇਹ ਪਰਿਵਾਰ ਕਿਸੇ ਨਿੱਜੀ ਸਵਾਰਥ ਲਈ ਨਹੀਂ, ਸਗੋਂ ਸਮਾਜ ਦੇ ਭਲੇ ਲਈ ਅਤੇ ਪੰਜਾਬ ਦੇ ਹਰ ਬੱਚੇ ਨੂੰ ਆਪਣਾ ਬੱਚਾ ਸਮਝ ਕੇ ਨਸ਼ਿਆਂ ਵਿਰੁੱਧ ਜੰਗ ਲੜ ਰਿਹਾ ਹੈ।

ਸੱਚਮੁੱਚ, ਅਣਖ ਹਾਲੇ ਜਿਉਂਦੀ ਹੈ ਅਤੇ ਜਦੋਂ ਤੱਕ ਅਜਿਹੇ ਪਰਿਵਾਰ ਪੰਜਾਬ ਦੀ ਧਰਤੀ 'ਤੇ ਮੌਜੂਦ ਹਨ, ਪੰਜਾਬ ਕਦੇ ਹਾਰ ਨਹੀਂ ਸਕਦਾ। ਇਸ ਮਹਾਨ ਅਤੇ ਸਿਦਕੀ ਪਰਿਵਾਰ ਦੇ ਜਜ਼ਬੇ, ਦਲੇਰੀ ਅਤੇ ਕੁਰਬਾਨੀ ਨੂੰ ਕੋਟਿ-ਕੋਟਿ ਪ੍ਰਣਾਮ!!!

-ਭਗਵੰਤ ਸਿੰਘ ਤੂਰ (778 385 7024)

T&S Transportation
Hiring Owner Operators & Drivers



ਟੀ ਐਂਡ ਐਸ ਟਰਾਂਸਪੋਰਟੇਸ਼ਨ ਨੂੰ ਬੀ ਸੀ ਤੋਂ ਉਨਟੇਰੀਓ,ਬੀ ਸੀ ਤੋਂ ਅਲਬਰਟਾ ਅਤੇ ਬੀ ਸੀ ਤੋਂ ਅਮਰੀਕਾ ਚੱਲਣ ਵਾਲੇ ਓਨਰ ਅਪਰੇਟਰ ਅਤੇ ਡਰਾਈਵਰ ਜਲਦ ਤੋਂ ਜਲਦ ਚਾਹੀਦੇ ਹਨ।
ਅਸੀਂ ਓਨਰ ਅਪਰੇਟਰਾਂ ਲਈ ਫਾਇਨੈਂਸਿੰਗ ਵੀ ਕਰਵਾ ਕੇ ਦੇ ਸਕਦੇ ਹਾਂ
ਸਾਡੇ ਕੋਲ LMIO ਹਨ।ਲੋੜਵੰਦ ਸੰਪਰਕ ਕਰ ਸਕਦੇ ਹਨ
ਹੋਰ ਜਾਣਕਾਰੀ ਲਈ ਫੋਨ ਕਰੋ
604-607-0333

UNIVERSAL TENT RENTAL LTD.


PARTY RENTALS
• Chair Rentals
• Tables Rentals
• Audio/Visual
• Linens Rentals
• BBQ'S Rentals
• Portable Bar
• Carpet
• Dance Floor
• Lighting
• Decor & More.

Call today to book your special event
Jaswinder (Jessie) Thandi
Ph: 604.951.2905
Cell: 604.825.8588
Wedding, Anniversary, Birthday Party or Any other Occasion
ਵਿਆਹ ਸ਼ਾਦੀ ਜਾਂ ਕਿਸੇ ਵੀ ਤਰਾਂ ਦੀ ਪਾਰਟੀ ਲਈ ਟੈਂਟ, ਕੁਰਸੀਆਂ, ਮੇਜ਼ ਜਾਂ ਹੋਰ ਸਮਾਨ ਵਾਜਬ ਕੀਮਤਾਂ ਤੇ ਕਿਰਾਏ ਤੇ ਮਿਲਦਾ ਹੈ
NOW HIRING
Email: info@universaltent.ca
www.universaltent.ca

UNIVERSAL BUILDING MAINTENANCE LTD.
Since 1987



*RESIDENTIAL *COMMERCIAL *INDUSTRIAL
• Pressure Washing
• Carpet Cleaning
• Driveway Washing & Sealing
• Gutter Cleaning
• Floor Cleaning
• Waxing & Sealing
• New House Cleaning
Fast & Quality Service Reasonable Rates
Call Jaswinder (Jessie) Thandi
Cell: 604-377-2641
Bus: 604-951-2909
Website:www.universalbuildingmaintenance.ca
Email:universalbuildingmaintenance01@gmail.com


Congratulations
to
Mayor Elected Doug McCallum
and Safe Surrey Coalition Team...
MANDEEP NAGRA
DOUG ELFORD
MEERA GILL
SUHANA GILL
LAURIE GUERRA
ALLISON PATTON
CHENEY CLOKE
Best wishes by
Balbir Bains,
MD Prince Roofing,
Kabaddi Promoter and Chairman
Guru Ravidas Sports and
Cultural Associations.

ਸ਼੍ਰੀ ਗੁਰੂ ਰਵਿਦਾਸ ਸ਼ਕਤੀ ਅਮਰ ਰਹੇ ਸ਼੍ਰੀ ਗੁਰੂ ਰਵਿਦਾਸ ਸ਼ਕਤੀ ਅਮਰ ਰਹੇ

SHRI GURU RAVIDASS SABHA, VANCOUVER

7271 - GILLEY AVENUE, BURNABY BC CANADA, V5J 4W9 TEL: 604 435 9997 FAX: 604 435 7771

Web: www.gururavidasssabha.ca E-mail: info@gururavidasssabha.com

ਜੈ ਗੁਰੂਦੇਵ ।। ਹਰਿ ਸੋ ਹੀਰਾ ਛਾਡਿ ਕੈ ਕਰਹਿ ਆਨ ਕੀ ਆਸ ।। ਤੇ ਨਰ ਦੋਜਕ ਜਾਹਿਗੇ ਸਤਿ ਭਾਖੈ ਰਵਿਦਾਸ ।। ਜੈ ਭੀਮ ।।





*25 ਅਕਤੂਬਰ ਦਿਨ ਐਤਵਾਰ ਨੂੰ ਲੰਗਰਾਂ ਅਤੇ ਦੇਗਾਂ ਦੀ ਸੇਵਾ ਸਮੂਹ ਸਾਧ ਸੰਗਤ ਵੱਲੋਂ ਕੀਤੀ ਜਾਵੇਗੀ।

*1 ਨਵੰਬਰ ਦਿਨ ਐਤਵਾਰ ਨੂੰ ਗੁਰਦੁਆਰਾ ਸਾਹਿਬ ਦੇ ਫਾਊਂਡਰ ਮੈਂਬਰ ਗੁਰਬਖਸ਼ ਸਿੰਘ ਢੰਡਾਂ ਜੀ ਦੇ ਪਰਿਵਾਰ ਵੱਲੋਂ ਗੁਰਬਖਸ਼ ਸਿੰਘ ਢੰਡਾਂ ਜੀ ਦਾ 87ਵਾਂ ਜਨਮ ਦਿਨ ਮਨਾਇਆ ਜਾਵੇਗਾ। ਪਰਿਵਾਰ ਵੱਲੋਂ ਇਸ ਖੁਸ਼ੀ ਦੇ ਮੌਕੇ ਸਾਹਿਜ ਪਾਠ ਕਰਵਾਇਆ ਜਾਵੇਗਾ। ਸਹਿਜ ਪਾਠ ਦੀ ਅਰੰਭਤਾ 25 ਅਕਤੂਬਰ ਦਿਨ ਐਤਵਾਰ ਨੂੰ ਹੋਵੇਗੀ ਅਤੇ ਭੋਗ 1 ਨਵੰਬਰ ਦਿਨ ਐਤਵਾਰ ਨੂੰ ਪਾਏ ਜਾਣਗੇ। ਢੰਡਾਂ ਪਰਿਵਾਰ ਵੱਲੋਂ ਗੁਰੂ ਕੇ ਲੰਗਰਾਂ ਅਤੇ ਦੇਗਾਂ ਦੀ ਸੇਵਾ ਕੀਤੀ ਜਾਵੇਗੀ ।ਆਪ ਸੰਗਤਾਂ ਨੂੰ ਇਸ ਖੁਸ਼ੀ ਦੇ ਮੌਕੇ ਗੁਰਦੁਆਰਾ ਸਾਹਿਬ ਵਿਖੇ ਆਉਣ ਦੀ ਬੇਨਤੀ ਕੀਤੀ ਜਾਂਦੀ ਹੈ ।

***8 ਨਵੰਬਰ ਦਿਨ ਐਤਵਾਰ ਨੂੰ ਬੰਦੀ ਛੋੜ ਦਿਵਸ ਅਤੇ ਦੀਵਾਲੀ ਦਾ ਦਿਹਾੜਾ ਮਨਾਇਆ ਜਾਵੇਗਾ। ਸਾਰਾ ਦਿਨ ਲੰਗਰਾਂ ਦੀ ਸੇਵਾ ਗੁਪਤ ਪਰਿਵਾਰਾਂ ਵੱਲੋਂ ਕੀਤੀ ਜਾਵੇਗੀ।**

*15 ਨਵੰਬਰ ਦਿਨ ਐਤਵਾਰ ਨੂੰ ਲੰਗਰਾਂ ਦੀ ਸੇਵਾ ਸਾਧ ਸੰਗਤ ਵੱਲੋਂ ਕੀਤੀ ਜਾਵੇਗੀ।

ਸਾਧ ਸੰਗਤ ਨੂੰ ਬੇਨਤੀ

ਆਪ ਸੰਗਤਾਂ ਨੂੰ ਨਿਮਰਤਾ ਸਹਿਤ ਬੇਨਤੀ ਕੀਤੀ ਜਾਂਦੀ ਹੈ ਕਿ ਕ੍ਰਿਪਾ ਕਰਕੇ ਗੁਰਦੁਆਰਾ ਸਾਹਿਬ ਵਿਖੇ ਲੰਗਰ ਜ਼ਰੂਰ ਬੁੱਕ ਕਰਵਾਓ। ਆਪ ਜੀ ਦੇ ਬਹੁਤ-ਬਹੁਤ ਧੰਨਵਾਦੀ ਹੋਵਾਂਗੇ।
The Sangat is humbly requested to book a date for Langar and Degh seva. It will be immensely appreciated.

ਆਪ ਸੰਗਤਾਂ ਨੂੰ ਨਿਮਰਤਾ ਸਹਿਤ ਹੱਥ ਬੰਨ੍ਹ ਕੇ ਬੇਨਤੀ ਹੈ ਕਿ ਗੁਰਦੁਆਰਾ ਸਾਹਿਬ ਦੀ ਨਵੀਂ ਇਮਾਰਤ ਦਾ ਨੀਂਹ ਪੱਥਰ ਰੱਖਿਆ ਗਿਆ ਹੈ। ਹੁਣ ਇਮਾਰਤ ਬਣਾਉਣ ਦਾ ਕੰਮ ਸ਼ੁਰੂ ਹੈ। ਆਪ ਸੰਗਤਾਂ ਗੁਰਦੁ-ਆਰਾ ਸਾਹਿਬ ਦੀ ਇਮਾਰਤ ਵਾਸਤੇ ਮਾਇਆ ਦਾਨ ਜ਼ਰੂਰ ਕਰਨ ਦੀ ਕ੍ਰਿਪਾਲਤਾ ਕਰਨੀ। ਆਪ ਸਾਰੀਆਂ ਸੰਗਤਾਂ ਦਾ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਵੱਲੋਂ ਬਹੁਤ-ਬਹੁਤ ਧੰਨਵਾਦ ਕੀਤਾ ਜਾਂਦਾ ਹੈ।
It is with great honour we can report the Foundation Stone for the new Gurughar has been laid. Now the construction has commenced and the Sangat is reminded to generously donate funds to the construction effort. Your contributions are appreciated by the Gurughar's Prabandhak Committee.

ਸਮੂਹ ਸੰਗਤਾਂ ਨੂੰ ਬੇਨਤੀ ਹੈ ਕਿ ਜਿਨ੍ਹਾਂ ਪਰਿਵਾਰਾਂ ਦੇ ਪਤੇ, ਫੋਨ ਨੰਬਰ ਅਤੇ ਈਮੇਲ ਬਦਲ ਗਏ ਹਨ, ਕਿਰਪਾ ਕਰਕੇ ਪ੍ਰਬੰਧਕ ਕਮੇਟੀ ਨੂੰ ਨੋਟ ਕਰਵਾ ਦਿਉ ਜੀ।

ਲੰਗਰ, ਵਿਆਹ ਸ਼ਾਦੀ, ਅਖੰਡ ਪਾਠ ਸਾਹਿਬ, ਜਨਮ ਦਿਨ ਅਤੇ ਹੋਰ ਪ੍ਰੋਗਰਾਮ ਦੀ ਬੁਕਿੰਗ ਕਰਵਾਉਣ ਵਾਸਤੇ ਗੁਰਦੁਆਰਾ ਸਾਹਿਬ ਵਿਖੇ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕੀਤਾ ਜਾ ਸਕਦਾ ਹੈ:

TO BOOK PROGRAMS OR GURDWARA SEVA AND OTHER INFORMATION PLEASE CONTACT: 604-435-9997

ਅਸੀਂ ਗੁਰੂ ਰਵਿਦਾਸ ਸਭਾ 'ਚ ਲੰਗਰ ਸੇਵਾ ਲੈਣ ਲਈ ਕਮਿਊਨਿਟੀ/ਸੰਗਤ ਨੂੰ ਬੇਨਤੀ ਕਰਦੇ ਹਾਂ। ਲੰਗਰ ਸੇਵਾ ਦੇ ਦਿਨਾਂ ਦੀ ਉਪਲੱਬਧਤਾ ਬਾਰੇ ਜਾਣਕਾਰੀ ਲੈਣ ਲਈ ਕ੍ਰਿਪਾ ਸੰਪਰਕ ਕਰੋ:

PRESIDENT
HARJIT KUMAR SOHPAUL 778-668-2653

1st Vice President
RAMESH SAROYA 604-341-2652

2nd Vice President
SANTOKH JASSAL 604-671-6365

General Secretary
AMARJIT SINGH LEALH
604-307-6174

Assistant Secretary
MICHAEL GHIRRA 604-715-7039

Treasurer
RAJESH KUMAR TOORA
604-671-3853

Assistant Treasurer
KEWAL SIDHU 604-551-5588

BOARD OF DIRECTORS
Harish Bains
Harjinder S. Sahni
Piara Singh Hira
Surinder Pal Kalsi
Rakesh Kumar
Bill Basra
Kuldeep Singh Kauldhar (Spokesman)
Sudarshan Ardhawa

TRUSTEES
Ranjodh Washal
Jaswant Rai Jassal
Nirmal Klair
Sahil Gaught
Gurmail Singh Pal

ਐਬਟਸਫੋਰਡ ਤੋਂ 12 ਕਲਾਸ ਦੇ ਵਿਦਿਆਰਥੀਆਂ ਨੇ ਗੁਰਦੁਆਰਾ ਨਾਨਕ ਨਿਵਾਸ ਰਿਚਮੰਡ ਦੇ ਕੀਤੇ ਦਰਸ਼ਨ



ਰਿਚਮੰਡ (ਗਾਰਡੀਅਨ ਬਿਉਰੋ):- ਰਿਚਮੰਡ ਦਾ ਹਾਈਵੇ ਟੂ ਹੈਵਨ (ਸਵਰਗ ਦਾ ਰਾਹ)ਬਹੁਤ ਹਰ ਮਨ ਪਿਆਰਾ ਹੈ।ਇਸ ਸ਼ਹਿਰ ਦੇ ਨੰਬਰ ਪੰਜ ਰੋਡ ਉਪਰ ਇੰਡੀਆ ਕਲਚਰਲ ਸੈਂਟਰ ਆਫ ਕੈਨੇਡਾ ਗੁਰਦਵਾਰਾ ਨਾਨਕ ਨਿਵਾਸ ਸਭ ਤੋਂ ਪਹਿਲਾਂ ਬਨਣ ਵਾਲਾ ਧਾਰਮਿਕ ਅਸਥਾਨ ਸੀ। ਅੱਜ ਇਸ ਇਤਿਹਾਸਕ ਰਸਤੇ ਦੇ ਚੜ੍ਹਦੇ ਪਾਸੇ 25 ਦੇ ਕਰੀਬ ਧਾਰਮਿਕ ਅਸਥਾਨ ਰਿਚਮੰਡ ਸ਼ਹਿਰ ਦਾ ਮਾਣ ਵਧਾ ਰਹੇ ਹਨ।ਵੱਖਰੇ ਵੱਖਰੇ ਧਰਮਾਂ ਵਾਰੇ ਜਾਣਕਾਰੀ ਹਾਸਲ ਕਰਨ ਲਈ ਇਹ ਸੜਕ ਬਹੁਤ ਹੀ ਮਹੱਤਵ ਪੂਰਨ ਹੈ।ਵੱਖਰੇ ਵੱਖਰੇ ਧਰਮਾਂ ਵਾਰੇ ਜਾਣਕਾਰੀ ਹਾਸਲ ਕਰਨ ਲਈ ਵਿਦਿਆਰਥੀ ਅਤੇ ਹੋਰ ਸੱਜਣ ਇੱਥੇ ਆਉਂਦੇ ਹਨ। ਇਸ ਸਿਲਸਿਲੇ ਵਿਚ ਗੁਰਦਵਾਰਾ ਨਾਨਕ ਨਿਵਾਸ ਬਹੁਤ ਚੰਗੀ ਭੂਮਿਕਾ ਨਿਭਾ ਰਿਹਾ ਹੈ।ਖਾਸ ਕਰ ਸਕੂਲ ਦੇ ਬੱਚਿਆ ਲਈ ਤਾਂ ਇਹ ਰਾਹ ਸਿੱਖਿਆ ਦਾ ਇਕ ਬਹੁਤ ਹੀ ਲਾਭਦਾਇਕ ਵਸੀਲਾ ਹੈ।

ਇਸ ਸਬੰਧ ਵਿਚ 20 ਅਕਤੂਬਰ ਨੂੰ ਐਬਟਸਫੋਰਡ ਦੇ ਬਾਹਰਵੀਂ ਜਮਾਤ ਦੇ 158 ਵਿਦਿਆਰਥੀ ਅਤੇ ਉਹਨਾਂ ਦੇ ਅਧਿਆਪਿਕ ਡਾਕਟਰ ਡੇਵਿਡ ਮਕਲਾਰਿਨ ਹੋਰ ਧਾਰਮਿਕ ਅਸਥਾਨਾਂ ਦੇ ਨਾਲ ਗੁਰਦਵਾਰਾ ਨਾਨਕ ਨਿਵਾਸ ਰਿਚਮੰਡ ਵਿਖੇ ਭੀ ਨਤਮਸਤਕ ਹੋਏ।ਉਹ ਸਿੱਖ ਧਰਮ ਅਤੇ ਸਾਊਥ ਏਸ਼ੀਅਨ ਕਮਿਊਨਿਟੀ ਅਤੇ ਕਲਚਰ ਵਾਰੇ ਜਾਣਕਾਰੀ ਹਾਸਲ ਕਰਨਾ ਚਾਹੁੰਦੇ ਸਨ। ਗੁਰਦਵਾਰਾ ਪ੍ਰਬੰਧਕ ਕਮੇਟੀ ਵਲੋਂ ਬਲਵੰਤ ਸਿੰਘ ਸੰਘੇੜਾ ਨੇ ਉਹਨਾਂ ਦਾ ਨਿੱਘਾ ਸਵਾਗਤ ਕੀਤਾ ਅਤੇ ਵਿਸਥਾਰ ਵਿਚ ਸਿੱਖ ਧਰਮ ਅਤੇ ਆਪਣੀ ਕਮਿਊਨਿਟੀ ਵਾਰੇ ਜਾਣਕਾਰੀ ਦਿੱਤੀ।ਇਹਨਾਂ ਦਰਸ਼ਕਾਂ ਨੇ ਬਹੁਤ ਹੀ ਸੂਝਵਾਨ ਸਵਾਲ ਪੁੱਛੇ।ਇਸ ਸਿਲਸਲੇ ਵਿਚ ਉਹਨਾਂ ਦੇ ਅਧਿਆਪਿਕ ਡਾਕਟਰ ਡੇਵਿਡ ਮੈਕਲਾਰਿਨ ਨੇ ਜਾਣ ਤੱਂ ਪਹਿਲਾਂ ਦੱਸਿਆ ਕਿ ਉਹਨਾਂ ਸਭ ਨੇ ਇਸ ਤੋਂ ਬਹੁਤ ਹੀ ਮਹੱਤਵ ਪੂਰਨ ਜਾਣਕਾਰੀ ਹਾਸਲ ਕੀਤੀ ਹਹੈ।

ਉਹਨਾਂ ਦੱਸਿਆ ਕਿ ਉਹਨਾਂ ਨੂੰ ਵੱਖਰੇ ਵੱਖਰੇ ਧਰਮਾਂ ਵਾਰੇ ਜਾਣਕਾਰੀ ਹਾਸਿਲ ਕਰਨ ਨਾਲ ਵਿਦਿਆਰਥੀਆਂ ਦੇ ਗਿਆਨ ਅਤੇ ਸੋਚਣੀ ਵਿਚ ਬਹੁਤ ਵਾਧਾ ਹੁੰਦਾ ਹੈ।



ਉਹਨਾਂ ਨਾਲ ਇਹ ਭੀ ਕਿਹਾ ਕਿ ਇਸ ਗੁਰੂ ਘਰ ਵਿਖੇ ਉਹਨਾਂ ਦਾ ਬਹੁਤ ਸਤਿਕਾਰ ਕੀਤਾ ਗਿਆ ਜਿਸ ਲਈ ਬਲਵੰਤ ਸਿੰਘ ਸੰਘੇੜਾ ਅਤੇ ਸਮੁੱਚੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਬਹੁਤ ਧੰਨਵਾਦੀ ਹਨ।ਇਸ ਤੋਂ ਉਪਰੰਤ ਉਹਨਾਂ ਨੇ ਕੁਝ ਯਾਦਗਾਰੀ ਤਸਵੀਰਾਂ ਭੀ ਖਿੱਚੀਆਂ। ਜਾਣ ਤੋਂ ਪਹਿਲਾਂ ਉਹਨਾਂ ਨੇ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਦਾ ਹਾਰਦਿਕ ਧੰਨਵਾਦ ਕੀਤਾ।ਇਹੋ ਜਿਹੇ ਕਾਰਜਾਂ ਨਾਲ ਸਾਡੀ ਸਮੁੱਚੀ ਕਮਿਊਨਿਟੀ ਦਾ ਮਾਣ ਹੋਰ ਭੀ ਵੱਧਦਾ ਹੈ।

ਸਿੱਖ ਇਤਿਹਾਸ ਦੀ ਪੁਸਤਕ ਬਲਵੰਤ ਸਿੰਘ ਸੰਘੇੜਾ ਨੂੰ ਕੀਤੀ ਭੇਂਟ



ਰਿਚਮੰਡ:18 ਅਕਤੂਬਰ, ਦਿਨ ਐਤਵਾਰ ਨੂੰ ਇੰਡੀਆ ਕਲਚਰਲ ਸੈਂਟਰ ਆਫ ਕੈਨੇਡਾ ਗੁਰਦਵਾਰਾ ਨਾਨਕ ਨਿਵਾਸ, ਨੰਬਰ ਪੰਜ ਰੋਡ ਰਿਚਮੰਡ ਵਿਖੇ ਸਾਡੀ ਕਮਿਊਨਿਟੀ ਦੀਆਂ ਦੋ ਨਾਮਵਰ ਸ਼ਖਸ਼ੀਅਤਾਂ ਵਿਸ਼ੇਸ ਤੌਰ ਤੇ ਪਹੁੰਚੀਆਂ ਜੋ ਕਿ ਸਰ੍ਹੀ ਨਿਵਾਸੀ ਅਤੇ ਫਾਜਲਿਕਾ ਸ਼ਹਿਰ ਦੇ ਸਰਦਾਰ ਕੁਲਮੋਹਣ ਸਿੰਘ ਬਾਂਡੀਵਾਲਾ ਅਤੇ ਅਜੀਤ ਜਲੰਧਰ ਦੇ ਉਘੇ ਪੱਤਰਕਾਰ ਸਰਦਾਰ ਜੋਗਿੰਦਰ ਸਿੰਘ ਸਨ।ਉਨਾ ਨੇ ਸਾਡੀ ਕਮਿਊਨਟੀ ਦੇ ਅਣਥੱਕ ਸੇਵਾਦਾਰ ਅਤੇ ਪੰਜਾਬੀ ਬੋਲੀ ਨੂੰ ਕੈਨੇਡਾ ਭਰ ਵਿੱਚ ਪ੍ਰਚਾਰਨ ਵਾਲੇ ਬਲਵੰਤ ਸਿੰਘ ਸੰਘੇੜਾ ਨੂੰ ਸਿੱਖ ਇਤਿਹਾਸ ਦੀ 772 ਸਫਿਆਂ ਦੀ ਬਹੁਤ ਹੀ ਸ਼ਾਨਦਾਰ ਕਿਤਾਬ ਭੇਟ ਕੀਤੀ। ਇਹ ਕਿਤਾਬ ਇਕ ਨਾਮਵਰ ਸ਼ਕਸ਼ੀਅਤ ਠਾਕਰ ਦੇਸਰਾਜ ਹੁਰਾਂ ਨੇ ਹਿੰਦੀ ਵਿਚ ਲਿਖੀ ਸੀ ਜਿਸ ਦਾ ਪੰਜਾਬੀ ਪ੍ਰਕਾਸ਼ਨ ਸਰਦਾਰ ਕੁਲਮੋਹਣ ਸਿੰਘ ਬਾਂਡੀਵਾਲਾ ਨੇ ਕੀਤਾ ਹੈ।ਇਸ ਸਮੇਂ ਬਲਵੰਤ ਸਿੰਘ ਸੰਘੇੜਾ ਨੇ ਕਿਹਾ ਕਿ ਸਰਦਾਰ ਕੁਲਮੋਹਣ ਸਿੰਘ ਹੁਰਾਂ ਨੂੰ ਇਸ ਉਪਰਾਲੇ ਲਈ ਵਧਾਈ ਦਿੰਦਾ ਹਾਂ ਅਤੇ ਉਹਨਾਂ ਵੱਲੋਂ ਦਿੱਤੇ ਇਸ ਖਾਸ ਤੋਹਫੇ ਲਈ ਬਹੁਤ ਧੰਨਵਾਦੀ ਹਾਂ।



ਸਰੀ ਵਿੱਚ ਨਾਟਕ ‘ਮਾਂ ਦੀ ਪੈਨਸ਼ਨ’ ਦੀ ਸਫਲ ਪੇਸ਼ਕਾਰੀ:ਦਰਸ਼ਕਾਂ ਵੱਲੋਂ ਸ਼ਾਲਾਘਾ






ਸਰੀ: ਸਰੀ ਦੇ ਸਿਟੀ ਹਾਲ ਦੇ ਆਡੀਟੋਰੀਅਮ ਵਿੱਚ 18 ਅਕਤੂਬਰ ਨੂੰ ਸ਼ਾਮ 5 ਵਜ਼ੇ ਬਹੁਤ ਹੀ ਸਿਖਿਆ ਦਾਇਕ ਅਤੇ ਹਾਸਰਸ ਭਰਪੂਰ ਨਾਟਕ ‘ਮਾਂ ਦੀ ਪੈਨਸ਼ਨ’ ਪੇਸ਼ਕਾਰੀ ਬਹੁਤ ਹੀ ਸ਼ਾਲਾਘਾਯੋਗ ਸੀ। ਇਹ ਨਾਟਕ ਬੀ.ਸੀ ਆਰਟਸ ਗਰੁੱਪ ਦੀ ਸਾਰੀ ਟੀਮ ਵੱਲੋਂ ਖੇਡਿਆ ਗਿਆ ਅਤੇ ਸਰਕਾਰ ਪ੍ਰੋਡਕਸਨ ਅਤੇ ਸਰਕਾਰ ਸਵੀਟਸ ਵੱਲੋਂ ਪ੍ਰਦਰਸ਼ਿਤ ਕੀਤਾ ਗਿਆ ਸੀ। ਨਾਟਕ ਵਿਚਲੇ ਪੌਲੀ ਸਿੱਧੂ,ਅਕਾਸ਼ ਛੀਨਾ,ਅਲਕਾ ਗਹਿਲੋਤ,ਨਾਨੂ ਸ਼ਰਮਾਂ,ਦੀਪ ਬੜੈਚ,ਕਮਲਜੀਤ ਜੌਹਲ,ਦਰਸ਼ਨ ਸ਼ਰਮਾ,ਗੁਰਪਾਲ ਸ਼ੰਕਰ,ਇੰਦਰਜੀਤ ਬੈਂਸ,ਗੁਰਨਾਮ ਥਾਂਦੀ,ਮੌਂਟੀ,ਅਤੇ ਬਿੱਲਾ ਤੱਖਰ ਸਾਰੇ ਕਲਾਕਾਰਾਂ ਦੀ ਐਕਟਿੰਗ ਦੇਖਣ ਯੋਗ ਅਤੇ ਸਲਾਹੁਣਯੋਗ ਸੀ। ਇਹ ਨਾਟਕ ਗੁਰਨਾਮ ਸਿੰਘ ਥਾਦੀ ਵੱਲੋਂ ਲਿਖਿਆ ਅਤੇ ਬਿੱਲਾ ਤੱਖਰ ਵੱਲੋਂ ਡਰੈਕਟ ਕੀਤਾ ਗਿਆ ਸੀ। ਪਰਦੇ ਦੇ ਪਿਛੇ ਦਾ ਕੰਮ ਦੀਪ ਸਿੰਘ ਗਿਲੋਰ ਦਾ ਸੀ। ਨਾਟਕ ਇੰਨਾ ਦਿਲਚਸਪ ਸੀ ਕਿ ਪਤਾ ਹੀ ਨਹੀ ਲੱਗਾ ਕਿ ਦੋ ਘੰਟੇ ਕਿਵੇਂ ਲੰਘ ਗਏ। ਪ੍ਰਸਿੱਧ ਵਾਇਲਨ ਵਾਦਕ ਗਿ.ਨਿਰਮਲ ਸਿੰਘ ਜੀ ਨੇ ਇਸ ਸਮੇਂ ਭਾਵੁਕ ਹੁੰਦਿਆਂ ਨਾਟਕ ਦੀ ਸ਼ਾਲਾਘਾ ਕਰਦਿਆਂ ਮਾਂ ਨਾਲ ਸਬੰਧਿਤ ਰੁਬਾਈ ਸੁਣਾਈ। ਉਨਾ ਵਿਚਾਰ ਦਿੱਤੇ ਕਿ ਇਹ ਨਾਟਕ ਕੈਨੇਡਾ ਭਰ ਵਿੱਚ ਦਿਖਾਇਆ ਜਾਣਾ ਚਾਹੀਦਾ ਹੈ। ਖਚਾ ਖਚ ਭਰਿਆ ਹਾਲ ਅਤੇ ਵੱਡੀ ਗਿਣਤੀ ਵਿੱਚ ਪਹੁੰਚੇ ਦਰਸ਼ਕਾਂ ਨੇ ਕਲਾਕਾਰਾਂ ਦੀ ਸਮੁੱਚੀ ਪੇਸ਼ਕਾਰੀ ਤੇ ਉਨਾ ਨੂੰ ਵਧਾਈਆਂ ਦਿੱਤੀਆਂ। ਇਸ ਨਾਟਕ ਨੇ ਸਾਬਤ ਕੀਤਾ ਕਿ ਕਹਾਣੀ,ਕਲਾਕਾਰਾਂ ਐਕਟਿੰਗ ਪੇਸਕਾਰੀ ਅੱਛੀ ਹੋਵੇ ਤਾਂ ਸਿਨੇਮਾ ਨਾਲੋ ਵੀ ਲੋਕ ਸਟੇਜੀ ਨਾਟਕ ਨੂੰ ਜ਼ਿਆਦਾ ਪਸੰਦ ਕਰਦੇ ਹਨ।

ਵਾਅਦਿਆਂ ਤੋਂ ਮੁੱਕਰ ਰਹੀ ਹੈ ਕੇਂਦਰ ਸਰਕਾਰ:ਵਾਂਗਚੁੱਕ

ਲਦਾਖ:ਵਾਤਾਵਰਨ ਕਾਰਕੁਨ ਸੋਨਮ ਵਾਂਗਚੁਕ ਨੇ ਕੇਂਦਰ ਸਰਕਾਰ ਉੱਤੇ ਲਦਾਖ ਦੇ ਲੋਕਾਂ ਨਾਲ ਕੀਤੇ ਵਾਅਦਿਆਂ ਤੋਂ ਪਿੱਛੇ ਹਟਣ ਦੇ ਗੰਭੀਰ ਦੋਸ਼ ਲਗਾਏ ਹਨ। ਇਹ ਬਿਆਨ ਉਸ ਸਮੇਂ ਆਇਆ ਹੈ ਜਦੋਂ ਲਦਾਖੀ ਆਗੂ ਅਗਲੇ ਗੇੜ ਦੀ ਗੱਲਬਾਤ ਲਈ ਸੱਦੇ ਦੀ ਉਡੀਕ ਕਰ ਰਹੇ ਹਨ, ਜੋ ਕਿ 22 ਅਕਤੂਬਰ ਨੂੰ ਤੈਅ ਕੀਤੀ ਗਈ ਸੀ। ਇੱਕ ਵੀਡੀਓ ਸੁਨੇਹੇ ਵਿੱਚ ਵਾਂਗਚੁਕ ਨੇ ਕਿਹਾ ਕਿ ਪਿਛਲੇ ਹਫ਼ਤੇ ਦੀ ਬੇਸਿੱਟਾ ਗੱਲਬਾਤ ਤੋਂ ਬਾਅਦ, ਕੇਂਦਰੀ ਗ੍ਰਹਿ ਮੰਤਰਾਲੇ ਦੇ ਅਧਿਕਾਰੀਆਂ ਨੇ ਸੰਕੇਤ ਦਿੱਤਾ ਸੀ ਕਿ ਚਰਚਾ ਦਾ ਅਗਲਾ ਗੇੜ 22 ਅਕਤੂਬਰ ਨੂੰ ਹੋਵੇਗਾ। ਉਨ੍ਹਾਂ ਕਿਹਾ, “ਮੈਂ ਆਪਣੀ ਟਿਕਟ ਬੁੱਕ ਕਰਵਾ ਲਈ ਸੀ, ਪਰ ਹੁਣ ਦੱਸਿਆ ਜਾ ਰਿਹਾ ਹੈ ਕਿ ਇਹ ਗੱਲਬਾਤ ਅੱਜ ਨਹੀਂ ਹੋ ਰਹੀ ਅਤੇ ਉਹ ਆਪਣੇ ਵਾਅਦਿਆਂ ਤੋਂ ਮੁਕਰ ਰਹੇ ਹਨ।”ਉਨ੍ਹਾਂ ਅੱਗੇ ਕਿਹਾ ਕਿ ਸਰਹੱਦੀ ਖੇਤਰ ਦੇ ਲੋਕ ਪਹਿਲਾਂ ਹੀ ਬਹੁਤ ਦੁਖੀ ਹਨ। ਇੱਕ ਪਾਸੇ ਚੀਨ ਵੱਲੋਂ ਦਬਾਅ ਹੈ, ਜੋ ਲਦਾਖ ਨੂੰ ਆਪਣਾ ਹਿੱਸਾ ਦੱਸਦਾ ਹੈ ਅਤੇ ਦੂਜੇ ਪਾਸੇ ਭਾਰਤ ਸਰਕਾਰ ਵੀ ਆਪਣੇ ਵਾਅਦਿਆਂ ਤੋਂ ਭੱਜ ਰਹੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਲਦਾਖ ਦੇ ਲੋਕਾਂ ਨੂੰ ਵੋਟ ਰਾਹੀਂ ਆਪਣੇ ਮੁੱਦੇ ਜ਼ਾਹਰ ਕਰਨ ਦੇ ਬੁਨਿਆਦੀ ਲੋਕਤੰਤਰੀ ਅਧਿਕਾਰ ਤੋਂ ਵੀ ਵਾਂਝੇ ਰੱਖਿਆ ਜਾ ਰਿਹਾ ਹੈ।

ਆਪਣੇ ਵਪਾਰ ਦੇ ਵਾਧੇ ਲਈ ਇਸ਼ਤਿਹਾਰ ਪਾਉਣ ਲਈ ਫੋਨ ਕਰੋ:
604-590-5200



ਇਸਲਾਮਿਕ ਸਹਿਯੋਗ ਸੰਗਠਨ ਵਿੱਚ ਗੂੰਜਿਆ ਕਸ਼ਮੀਰ ਦਾ ਮੁੱਦਾ ਕਸ਼ਮੀਰੀਆਂ ਦੇ ਸਵੈ-ਨਿਰਣੇ ਦੇ ਅਧਿਕਾਰ ਲਈ ਠੋਸ ਕਾਰਵਾਈ ਹੋਵੇ

ਬਗਦਾਦ: ਇਸਲਾਮਿਕ ਸਹਿਯੋਗ ਸੰਗਠਨ ਵਿੱਚ ਭਾਰਤ ਦੇ ਕਬਜ਼ੇ ਵਾਲੇ ਜੰਮੂ ਅਤੇ ਕਸ਼ਮੀਰ ਲੋਕਾਂ ਦੀ ਦੁਰਦਸ਼ਾ ਨੂੰ ਉਜਾਗਰ ਹੋਈ ਅਤੇ , ਕਸ਼ਮੀਰ ਦੇ ਲੋਕਾਂ ਲਈ ਸਵੈ ਨਿਰਣੇ ਦੇ ਅਧਿਕਾਰ ਦੀ ਵਰਤੋਂ ਹੋਣੀਂ ਚਾਹੀਦੀ ਹੈ।, ਇਰਾਕ ਵਿੱਚ ਮੁਸਲਿਮ ਦੇਸ਼ਾਂ ਦੇ ਵਿਦੇਸ਼ ਮੰਤਰੀਆਂ ਦੀ ਪ੍ਰੀਸ਼ਦ ਦੇ 52ਵੇਂ ਸੈਸ਼ਨ ਵਿੱਚ ਪਾਕਿਸਤਾਨ ਨੇ ਰਾਸ਼ਟਰੀ ਬਿਆਨ ਦਿੱਤਾ। 52ਵੇਂ ਸੈਸ਼ਨ ਦਾ ਵਿਸ਼ਾ 'ਸੰਵਾਦ ਅਤੇ ਏਕਤਾ: ਸ਼ਾਂਤੀ ਅਤੇ ਟਿਕਾਊ ਵਿਕਾਸ ਲਈ ਦੋ ਬੁਨਿਆਦੀ ਥੰਮ੍ਹ' ਸੀ। ਸੈਸ਼ਨ ਨੇ ਕਈ ਮੈਂਬਰ ਦੇਸ਼ਾਂ ਦੀਆਂ ਸਥਿਤੀਆਂ, ਫਲਸਤੀਨੀ ਕਾਜ਼, ਜੰਮੂ ਅਤੇ ਕਸ਼ਮੀਰ, ਮੁਸਲਿਮ ਘੱਟ ਗਿਣਤੀਆਂ ਅਤੇ ਭਾਈਚਾਰਿਆਂ ਦੇ ਅਧਿਕਾਰਾਂ ਅਤੇ ਇਸਲਾਮੋਫੋਬੀਆ ਨਾਲ ਲੜਨ ਦੇ ਯਤਨਾਂ ਨਾਲ ਸਬੰਧਤ ਰਾਜਨੀਤਿਕ ਮੁੱਦਿਆਂ ਦੀ ਇੱਕ ਸ਼੍ਰੇਣੀ ਨੂੰ ਸੰਬੋਧਿਤ ਕਰਦੇ ਹੋਏ 70 ਤੋਂ ਵੱਧ ਮਤੇ ਅਪਣਾਏ। ਇਸ ਸੈਸ਼ਨ ਵਿੱਚ ਸੰਗਠਨ ਦੇ ਪ੍ਰੋਗਰਾਮਾਂ ਅਤੇ ਗਤੀਵਿਧੀਆਂ ਦੇ ਅੰਦਰ ਆਉਣ ਵਾਲੇ ਆਰਥਿਕ, ਸਮਾਜਿਕ, ਮਾਨਵਤਾਵਾਦੀ, ਸੱਭਿਆਚਾਰਕ, ਵਿਗਿਆਨਕ ਅਤੇ ਹੋਰ ਮੁੱਦਿਆਂ 'ਤੇ ਵੀ ਚਰਚਾ ਕੀਤੀ ਗਈ। ਇੱਛਾਵਾਂ ਦੇ ਅਨੁਸਾਰ ਕਸ਼ਮੀਰੀਆਂ ਦੇ ਸਵੈ-ਨਿਰਣੇ ਦੇ ਅਧਿਕਾਰ ਦੀ ਪ੍ਰਾਪਤੀ ਲਈ ਠੋਸ ਕਾਰਵਾਈ ਦੀ ਅਪੀਲ ਕੀਤੀ।

'ਚੀਨ ਦੀ ਘੱਟਦੀ ਆਬਾਦੀ ਭਾਰਤ ਲਈ ਖ਼ਤਰਾ ਹੈ' ਤਾਈਵਾਨ ਨਹੀਂ ਅਰੁਣਾਚਲ ਪ੍ਰਦੇਸ਼ ਚੀਨ ਦਾ ਪਹਿਲਾ ਨਿਸ਼ਾਨਾ ਕਿਉਂ ਹੋ ਸਕਦਾ ਹੈ?

ਬੀਜਿੰਗ/ਨਵੀਂ ਦਿੱਲੀ: ਦਹਾਕਿਆਂ ਤੋਂ, ਪੱਛਮੀ ਦੇਸ਼, ਜਿਨ੍ਹਾਂ ਵਿੱਚ ਅਮਰੀਕਾ ਵੀ ਸ਼ਾਮਲ ਹੈ, ਅਤੇ ਭੂ-ਰਾਜਨੀਤਿਕ ਮਾਹਰ ਚੀਨ ਦੀ ਲਗਾਤਾਰ ਵਧਦੀ ਸ਼ਕਤੀ ਅਤੇ ਆਬਾਦੀ ਨੂੰ ਵਿਸ਼ਵ ਸਥਿਰਤਾ ਲਈ ਇੱਕ ਵੱਡਾ ਖ਼ਤਰਾ ਮੰਨਦੇ ਆਏ ਹਨ। ਹਾਲਾਂਕਿ, ਵਾਸ਼ਿੰਗਟਨ ਸਥਿਤ ਮੱਧ ਪੂਰਬ ਫੋਰਮ ਦੇ ਨੀਤੀ ਵਿਸ਼ਲੇਸ਼ਣ ਦੇ ਨਿਰਦੇਸ਼ਕ ਮਾਈਕਲ ਰੂਬਿਨ ਦਾ ਮੰਨਣਾ ਹੈ ਕਿ ਚੀਨ ਦੀ ਘਟਦੀ ਆਬਾਦੀ ਇੱਕ ਮਹੱਤਵਪੂਰਨ ਖ਼ਤਰਾ ਹੈ, ਖਾਸ ਕਰਕੇ ਭਾਰਤ ਲਈ। ਸੰਡੇ ਗਾਰਡੀਅਨ ਵਿੱਚ ਇੱਕ ਲੇਖ ਵਿੱਚ, ਉਨ੍ਹਾਂ ਨੇ ਚਿੰਤਾ ਪ੍ਰਗਟ ਕੀਤੀ ਕਿ ਚੀਨ, ਆਪਣੀ ਘਟਦੀ ਆਬਾਦੀ ਤੋਂ ਪਰੇਸ਼ਾਨ, ਪਹਿਲਾਂ ਅਰੁਣਾਚਲ ਪ੍ਰਦੇਸ਼ ਨੂੰ ਨਿਸ਼ਾਨਾ ਬਣਾ ਸਕਦਾ ਹੈ, ਨਾ ਕਿ ਤਾਈਵਾਨ ਨੂੰ।

ਸੰਯੁਕਤ ਰਾਸ਼ਟਰ ਆਬਾਦੀ ਫੰਡ ਦੇ ਅੰਕੜਿਆਂ ਅਨੁਸਾਰ, ਭਾਰਤ ਦੀ ਆਬਾਦੀ ਨੇ 2023 ਵਿੱਚ ਚੀਨ ਨੂੰ ਪਛਾੜ ਦਿੱਤਾ ਹੈ। ਇਹ ਅਨੁਮਾਨ ਲਗਾਇਆ ਗਿਆ ਹੈ ਕਿ ਸਾਲ 2030 ਤੱਕ, ਜਦੋਂ ਕਿ ਭਾਰਤ ਦੀ ਆਬਾਦੀ 1.5 ਅਰਬ ਤੋਂ ਵੱਧ ਹੋ ਜਾਵੇਗੀ, ਚੀਨ ਦੀ ਆਬਾਦੀ ਸੁੰਗੜ ਕੇ ਸਿਰਫ਼ 633 ਮਿਲੀਅਨ, ਜਾਂ ਲਗਭਗ 633 ਮਿਲੀਅਨ ਰਹਿ ਜਾਵੇਗੀ। ਇਸਦਾ ਮਤਲਬ ਹੈ ਕਿ ਆਬਾਦੀ ਮੌਜੂਦਾ ਆਬਾਦੀ ਨਾਲੋਂ 55% ਘੱਟ ਹੋਵੇਗੀ।

ਰੂਸ ਦੀ ਉਦਾਹਰਣ ਹੈ 1990 ਦੇ ਦਹਾਕੇ ਦੇ ਸ਼ੁਰੂ ਵਿੱਚ ਰੂਸ ਦੀ ਆਬਾਦੀ ਲਗਭਗ 148 ਮਿਲੀਅਨ ਤੱਕ ਪਹੁੰਚ ਗਈ ਸੀ, ਪਰ ਅਗਲੇ ਦੋ ਦਹਾਕਿਆਂ ਵਿੱਚ ਇਸ ਵਿੱਚ ਕਾਫ਼ੀ ਗਿਰਾਵਟ ਆਈ। ਇਸਦੇ ਮੁੱਖ ਕਾਰਨ ਘੱਟ ਜਨਮ ਦਰ, ਉੱਚ ਮਰਦ ਮੌਤ ਦਰ ਅਤੇ ਪਰਵਾਸ ਸਨ। ਅੱਜ, ਰੂਸ ਦੀ ਆਬਾਦੀ 143 ਮਿਲੀਅਨ ਹੈ। ਜਦੋਂ ਰੂਸ ਨੇ 2008 ਵਿੱਚ ਜਾਰਜੀਆ 'ਤੇ ਹਮਲਾ ਕੀਤਾ ਅਤੇ ਜਦੋਂ ਉਸਨੇ ਯੂਕਰੇਨ 'ਤੇ ਹਮਲਾ ਕੀਤਾ ਅਤੇ 2014 ਵਿੱਚ ਕਰੀਮੀਆ ਨੂੰ ਆਪਣੇ ਨਾਲ ਮਿਲਾ ਲਿਆ, ਤਾਂ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੇ ਵਾਰ-ਵਾਰ ਜਨਸੰਖਿਆ ਤਬਦੀਲੀ ਨੂੰ ਰਾਸ਼ਟਰੀ ਤਰਜੀਹ ਦੱਸਿਆ।

(ਸਫਾ ਏ-1 ਦੀ ਬਾਕੀ)

ਵਿਦਿਅਕ ਸੰਸਥਾਵਾਂ ਦੁਆਰਾ ਜਾਰੀ ਕੀਤੇ ਗਏ ਧੋਖਾਧੜੀ ਵਾਲੇ ਦਾਖਲਾ ਪੱਤਰਾਂ ਦੀ ਵਰਤੋਂ ਕਰਕੇ ਆਪਣੇ ਵੀਜ਼ੇ ਪ੍ਰਾਪਤ ਕੀਤੇ ਸਨ। ਬ੍ਰਿਟੇਨ ਅਤੇ ਕਈ ਯੂਰਪੀਅਨ ਦੇਸ਼ਾਂ ਵਿੱਚ, ਭਾਰਤੀ ਨਾਗਰਿਕਾਂ ਅਤੇ ਸਮੂਹਾਂ ਨੂੰ ਕਥਿਤ ਤੌਰ 'ਤੇ ਗੈਰ-ਕਾਨੂੰਨੀ ਤੌਰ 'ਤੇ ਰੁਜ਼ਗਾਰ ਪ੍ਰਾਪਤ ਕਰਨ ਲਈ ਵਿਦਿਆਰਥੀ ਵੀਜ਼ਿਆਂ ਦੀ ਦੁਰਵਰਤੋਂ ਅਤੇ ਮਨੁੱਖੀ ਤਸਕਰੀ ਦੇ ਦੋਸ਼ਾਂ ਨਾਲ ਸਬੰਧਤ ਮਾਮਲਿਆਂ ਵਿੱਚ ਫਸਾਇਆ ਗਿਆ ਹੈ। ਅਜਿਹੇ ਮਾਮਲਿਆਂ ਨੇ ਪ੍ਰਭਾਵਿਤ ਦੇਸ਼ਾਂ ਵਿੱਚ ਸਖ਼ਤ ਵੀਜ਼ਾ ਨਿਯਮਾਂ ਅਤੇ ਵਧੇਰੇ ਜਾਂਚ ਦੀ ਮੰਗ ਵਿੱਚ ਯੋਗਦਾਨ ਪਾਇਆ ਹੈ। ਭਾਰਤ ਵਿੱਚ ਕੰਮ ਕਰਨ ਵਾਲੇ ਗੈਰ-ਕਾਨੂੰਨੀ ਕਾਲ ਸੈਂਟਰਾਂ ਨੇ ਦੁਨੀਆ ਭਰ ਦੇ ਲੋਕਾਂ, ਖਾਸ ਕਰਕੇ ਸੰਯੁਕਤ ਰਾਜ, ਬ੍ਰਿਟੇਨ ਅਤੇ ਕੈਨੇਡਾ ਵਿੱਚ, ਤਕਨੀਕੀ ਸਹਾਇਤਾ ਪ੍ਰਤੀਨਿਧੀਆਂ ਅਤੇ ਟੈਕਸ ਅਧਿਕਾਰੀਆਂ ਦੀ ਨਕਲ ਕਰਕੇ ਕਾਫ਼ੀ ਰਕਮ ਦੀ ਧੋਖਾਧੜੀ ਕੀਤੀ ਹੈ। ਇਨ੍ਹਾਂ ਘੁਟਾਲਿਆਂ ਦੇ ਪੈਮਾਨੇ ਨੇ ਅਮਰੀਕੀ ਸੰਘੀ ਜਾਂਚ ਬਿਊਰੋ ਸਮੇਤ ਏਜੰਸੀਆਂ ਦੁਆਰਾ ਜਾਂਚ ਅਤੇ ਲਾਗੂ ਕਰਨ ਦੀ ਕਾਰਵਾਈ ਨੂੰ ਉਤਸ਼ਾਹਿਤ ਕੀਤਾ ਹੈ। ਕਈ ਦੇਸ਼ਾਂ ਵਿੱਚ ਵੱਡੀ ਗਿਣਤੀ ਵਿੱਚ ਭਾਰਤੀ ਪ੍ਰਵਾਸੀਆਂ ਦੇ ਆਉਣ ਨਾਲ, ਕੁਝ ਵਿਅਕਤੀਆਂ ਦੇ ਸਥਾਨਕ ਕਾਨੂੰਨਾਂ ਅਤੇ ਸੱਭਿਆਚਾਰਕ ਨਿਯਮਾਂ ਦੀ ਉਲੰਘਣਾ ਕਰਨ ਦੇ ਦੋਸ਼ਾਂ ਦੇ ਨਾਲ, ਵਿਵਾਦ ਵੀ ਪੈਦਾ ਹੋਇਆ ਹੈ। ਬ੍ਰੈਂਪਟਨ ਅਤੇ ਸਰੀ ਵਰਗੇ ਕੈਨੇਡੀਅਨ ਸ਼ਹਿਰਾਂ ਵਿੱਚ, ਹਿੰਦੂ ਅਤੇ ਸਿੱਖ ਸਮੂਹਾਂ ਵਿਚਕਾਰ ਜਨਤਕ ਗੜਬੜ ਅਤੇ ਹਿੰਸਕ ਝੜਪਾਂ ਨੇ ਕੁਝ ਸਥਾਨਕ ਨਿਵਾਸੀਆਂ ਵਿੱਚ ਨਾਰਾਜ਼ਗੀ ਨੂੰ ਭੜਕਾਇਆ ਹੈ। ਆਲੋਚਕਾਂ ਦਾ ਤਰਕ ਹੈ ਕਿ ਭਾਰਤੀ ਰਾਜਨੀਤਿਕ ਦੁਸ਼ਮਣੀਆਂ ਅਤੇ ਵੰਡਣ ਵਾਲੀਆਂ ਵਿਚਾਰਧਾਰਾਵਾਂ ਨੂੰ ਮੇਜ਼ਬਾਨ ਦੇਸ਼ਾਂ ਵਿੱਚ ਆਯਾਤ ਕੀਤਾ ਜਾ ਰਿਹਾ ਹੈ, ਜਿਸ ਨਾਲ ਸਮਾਜਿਕ ਸਦਭਾਵਨਾ ਨੂੰ ਨੁਕਸਾਨ ਪਹੁੰਚ ਰਿਹਾ ਹੈ। ਕੈਨੇਡਾ ਵਿੱਚ ਚੋਣ ਦਖਲਅੰਦਾਜ਼ੀ ਦੇ ਦੋਸ਼ਾਂ ਅਤੇ ਮੇਜ਼ਬਾਨ-ਦੇਸ਼ ਦੇ ਕਾਨੂੰਨਾਂ ਅਤੇ ਨਿਯਮਾਂ ਦੇ ਸਤਿਕਾਰ ਬਾਰੇ ਚਿੰਤਾਵਾਂ ਨੇ ਵਿਦੇਸ਼ਾਂ ਵਿੱਚ ਭਾਰਤ ਦੀ ਭੂਮਿਕਾ ਬਾਰੇ ਬਹਿਸ ਨੂੰ ਹੋਰ ਤੇਜ਼ ਕਰ ਦਿੱਤਾ ਹੈ। ਆਸਟ੍ਰੇਲੀਆ ਦੇ ਮੈਲਬੌਰਨ ਅਤੇ ਬ੍ਰਿਟੇਨ ਦੇ ਲੈਸਟਰ ਵਿੱਚ ਹਿੰਦੂਤਵ ਵਿਚਾਰਧਾਰਾ ਦੇ ਸਮਰਥਨ ਕਰਨ ਵਾਲੇ ਸਮੂਹਾਂ ਅਤੇ ਹੋਰ ਭਾਈਚਾਰਿਆਂ ਦੇ ਮੈਂਬਰਾਂ ਨਾਲ ਹੋਈਆਂ ਹਿੰਸਕ ਝੜਪਾਂ ਨੇ ਵੀ ਜਨਤਕ ਵਿਵਸਥਾ ਅਤੇ ਫਿਰਕੂ ਸਦਭਾਵਨਾ ਬਾਰੇ ਚਿੰਤਾਵਾਂ ਪੈਦਾ ਕੀਤੀਆਂ ਹਨ। ਇਨ੍ਹਾਂ ਘਟਨਾਵਾਂ ਨੇ ਕਥਿਤ ਤੌਰ 'ਤੇ ਭਾਰਤੀ ਡਿਪਲੋਮੈਟਾਂ ਲਈ ਮੁਸ਼ਕਲਾਂ ਪੈਦਾ ਕੀਤੀਆਂ ਹਨ ਅਤੇ ਇਮੀਗ੍ਰੇਸ਼ਨ ਪ੍ਰਕਿਰਿਆਵਾਂ, ਵੀਜ਼ਾ ਅਰਜ਼ੀਆਂ ਅਤੇ ਵਿਦੇਸ਼ਾਂ ਵਿੱਚ ਭਾਰਤੀ ਨਾਗਰਿਕਾਂ ਦੇ ਏਕੀਕਰਨ ਬਾਰੇ ਵਿਆਪਕ ਬਹਿਸਾਂ ਵਿੱਚ ਯੋਗਦਾਨ ਪਾਇਆ ਹੈ।

TRUTH IS THE HIGHEST OF ALL THINGS: HIGHER STILL IS TRUTHFUL LIVING-GURU NANAK DEV JI

ਅਕਾਲੀ ਸਿੰਘ ਸਿੱਖ ਸੋਸਾਇਟੀ

AKALI SINGH SIKH SOCIETY

1890 SKEENA STREET, VANCOUVER, B.C., CANADA, V5M 4L3

www.akalisinghgurdwara.ca | Email - akalisinghsikhsooiety@gmail.com



ਗੁਰੂ ਪਿਆਰੀ ਸਾਧ ਸੰਗਤ ਜੀਓ,

ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫ਼ਤਹਿ

ਆਪ ਜੀ ਨੂੰ ਇਸ ਪੱਤਰ ਦੁਆਰਾ ਸੂਚਿਤ ਕੀਤਾ ਜਾਂਦਾ ਹੈ ਕਿ ਗੁਰੂ ਘਰ ਦੇ ਸ਼ਰਧਾਲੂ ਪਿੰਡ ਨਰੂੜ ਨਿਵਾਸੀ ਪਰਿਵਾਰਾਂ ਵੱਲੋਂ ਬਾਬਾ ਫੱਕੇ ਦੀ ਯਾਦ ਵਿੱਚ ਤੇ ਪਰਿਵਾਰ ਦੀ ਚੜ੍ਹਦੀ ਕਲਾ ਦੀ ਅਰਦਾਸ ਕਰਨ ਹਿੱਤ ਅਕਾਲੀ ਬਾਣੀ ਦੇ ਅਖੰਡ ਪਾਠ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਅਕਾਲੀ ਸਿੰਘ ਸਿੱਖ ਸੁਸਾਇਟੀ, ਵੈਨਕੂਵਰ ਦੇ ਗੁਰਦੁਆਰਾ ਸਾਹਿਬ ਵਿਖੇ ਕਰਵਾਏ ਜਾ ਰਹੇ ਹਨ। ਆਪ ਜੀ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਤਿੰਨੇ ਦਿਨ ਗੁਰੂ ਘਰ ਪਹੁੰਚ ਕੇ ਹਾਜ਼ਰੀਆਂ ਭਰ ਕੇ ਗੁਰੂ ਘਰ ਤੋਂ ਖੁਸ਼ੀਆਂ ਪ੍ਰਾਪਤ ਕਰੋ ਜੀ।

ਸ੍ਰੀ ਅਖੰਡ ਪਾਠ ਸਾਹਿਬ ਦਾ ਪ੍ਰੋਗਰਾਮ

ਆਰੰਭ ਸ੍ਰੀ ਅਖੰਡ ਪਾਠ ਸਾਹਿਬ- 23 ਅਕਤੂਬਰ 2026, ਦਿਨ ਸ਼ੁੱਕਰਵਾਰ ਸਵੇਰ 10:00 ਵਜੇ

ਭੋਗ ਸ੍ਰੀ ਅਖੰਡ ਪਾਠ ਸਾਹਿਬ- 25 ਅਕਤੂਬਰ 2026 ਐਤਵਾਰ ਸਵੇਰ 09:30 ਵਜੇ

ਭੋਗ ਉਪਰੰਤ ਗੁਰੂ ਘਰ ਦੇ ਕੀਰਤਨੀ ਜੱਥੇ ਗੁਰਬਾਣੀ ਕੀਰਤਨ ਅਤੇ ਗਿਆਨੀ ਸਾਹਿਬਾਨ ਕਥਾ ਵਿਚਾਰਾਂ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ। ਪਾਠ ਦੀ ਸੇਵਾ ਕਰਨ ਵਾਲੇ, ਚੌਂਕੀਦਾਰੀ ਦੀ ਸੇਵਾ ਕਰਨ ਵਾਲੇ ਅਤੇ ਲੰਗਰ ਦੀ ਸੇਵਾ ਕਰਨ ਵਾਲੇ ਸੇਵਾਦਾਰਾਂ ਪ੍ਰਤੀ ਬੇਨਤੀ ਹੈ ਕਿ ਸਮੇਂ ਸਿਰ ਗੁਰੂ ਘਰ ਪਹੁੰਚ ਕੇ ਸੇਵਾ ਵਿੱਚ ਹੱਥ ਵਟਾ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ।

ਗੁਰੂ ਕਾ ਲੰਗਰ ਤਿੰਨੇ ਦਿਨ ਅਤੁੱਟ ਵਰਤੇਗਾ।

24 ਅਕਤੂਬਰ, ਦਿਨ ਸ਼ਨਿੱਚਰਵਾਰ.....ਨੰਬਰ 2 ਦਰਬਾਰ ਹਾਲ ਵਿੱਚ ਸ਼ਾਮ 5:30 ਵਜੇ ਸਵ. ਭਾਈ ਚਰਨ ਸਿੰਘ ਮਾਹਲ ਦੀ ਆਤਮਿਕ ਸ਼ਾਂਤੀ ਲਈ ਅਰੰਭ ਕੀਤੇ ਹੋਏ ਸਹਿਜ ਪਾਠ ਦੇ ਭੋਗ ਪਾਏ ਜਾਣਗੇ।

24 ਅਕਤੂਬਰ, ਦਿਨ ਸ਼ਨਿੱਚਰਵਾਰ.....ਨੰਬਰ 1 ਦਰਬਾਰ ਹਾਲ ਵਿੱਚ ਸ਼ਾਮ ਨੂੰ ਲੰਗਰ ਦੀ ਸੇਵਾ ਭਾਈ ਸ਼ਵਿੰਦਰ ਸਿੰਘ ਮੁਕਰ ਤੇ ਭਾਈ ਇਕਬਾਲ ਸਿੰਘ ਗੁਰਮ ਅਤੇ ਦੋਵਾਂ ਪਰਿਵਾਰਾਂ ਵਲੋਂ ਹੋਵੇਗੀ।

25 ਅਕਤੂਬਰ, ਦਿਨ ਐਤਵਾਰ.....ਸ਼ਾਮ ਨੂੰ ਲੰਗਰ ਦੀ ਸੇਵਾ ਭਾਈ ਇਕਬਾਲ ਸਿੰਘ ਮਨਹਾਸ ਅਤੇ ਪਰਿਵਾਰ ਵਲੋਂ ਹੋਵੇਗੀ।

1 ਨਵੰਬਰ, ਦਿਨ ਐਤਵਾਰ.....ਸਵੇਰ ਨੂੰ 8:00 ਵਜੇ ਤੋਂ 12 ਵਜੇ ਤੱਕ ਦੀਵਾਨ ਸਜਣਗੇ ਅਤੇ ਲੰਗਰ ਵੀ ਹੋਵੇਗਾ।

1 ਨਵੰਬਰ, ਦਿਨ ਐਤਵਾਰ.....ਸ਼ਾਮ ਨੂੰ ਨੰਬਰ 2 ਦਰਬਾਰ ਹਾਲ ਵਿਚ ਲੰਗਰ ਦੀ ਸੇਵਾ ਮਾਨ ਸਿੰਘ ਘਗ ਪਰਿਵਾਰ ਵਲੋਂ ਹੋਵੇਗੀ।

6 ਨਵੰਬਰ, ਦਿਨ ਸ਼ੁੱਕਰਵਾਰ.....ਸ਼ਾਮ ਨੂੰ ਲੰਗਰ ਦੀ ਸੇਵਾ ਭਾਈ ਕਮਲਜੀਤ ਸਿੰਘ ਮਨਹਾਸ ਪਰਿਵਾਰ ਵਲੋਂ ਹੋਵੇਗੀ।

7 ਨਵੰਬਰ, ਦਿਨ ਸ਼ਨਿੱਚਰਵਾਰ.....ਸਵੇਰ ਨੂੰ ਬੀਬੀ ਸਰਬਜੀਤ ਕੌਰ ਪੁਰੇਵਾਲ ਵਲੋਂ ਲੰਗਰ ਦੀ ਸੇਵਾ ਹੋਵੇਗੀ।

7 ਨਵੰਬਰ, ਦਿਨ ਸ਼ਨਿੱਚਰਵਾਰ.....ਬਾਅਦ ਦੁਪਿਹਰ 3:00 ਵਜੇ ਨੰਬਰ 2 ਦਰਬਾਰ ਹਾਲ ਵਿਚ ਭਾਈ ਹਰਮਿੰਦਰ ਸੀਰਾ ਵਲੋਂ ਕੁੜਮਾਈ ਦੀ ਰਸਮ ਹੋਵੇਗੀ।

7 ਨਵੰਬਰ, ਦਿਨ ਸ਼ਨਿੱਚਰਵਾਰ.....ਸ਼ਾਮ ਨੂੰ ਲੰਗਰ ਦੀ ਸੇਵਾ ਭਾਈ ਜਰਨੈਲ ਬੇਦੀ ਅਤੇ ਪਰਿਵਾਰ ਵਲੋਂ ਹੋਵੇਗੀ।

8 ਨਵੰਬਰ, ਦਿਨ ਐਤਵਾਰ.....ਸਵੇਰ ਨੂੰ 8:00 ਵਜੇ ਤੋਂ 12:00 ਵਜੇ ਤੱਕ ਦੀਵਾਨ ਸਜਣਗੇ ਅਤੇ ਲੰਗਰ ਦੀ ਸੇਵਾ ਹੋਵੇਗੀ।

8 ਨਵੰਬਰ, ਦਿਨ ਐਤਵਾਰ.....ਬੰਦੀ ਛੋੜ ਦਿਹਾੜਾ ਤੇ ਦੀਵਾਲੀ ਦਾ ਦਿਨ ਹੈ, ਸ਼ਾਮ ਨੂੰ 6:00 ਤੋਂ 8:00 ਵਜੇ ਤੱਕ ਦੀਵਾਨ ਸਜਣਗੇ।

ਹਰ ਬੁੱਧਵਾਰ ਬੀਬੀਆਂ ਵਲੋਂ ਸੁਖਮਨੀ ਸਾਹਿਬ ਦਾ ਪਾਠ ਸਵੇਰੇ 10:00 ਵਜੇ ਤੋਂ 12:30 ਵਜੇ ਤੱਕ ਕੀਤਾ ਜਾਂਦਾ ਹੈ।

ਹਰ ਮੰਗਲਵਾਰ ਅਤੇ ਵੀਰਵਾਰ ਸ਼ਾਮ ਨੂੰ 7:00 ਵਜੇ ਤੋਂ 8:00 ਵਜੇ ਤੱਕ ਯੋਗਾ ਦੀਆਂ ਕਲਾਸਾਂ ਲੱਗਦੀਆਂ ਹਨ। ਪੰਜਾਬੀ ਦੀਆਂ ਕਲਾਸਾਂ ਵੀ ਸ਼ੁਰੂ ਹੋ ਚੁੱਕੀਆਂ ਹਨ।

ਗੁਰਦੁਆਰਾ ਸਾਹਿਬ ਸਵੇਰੇ 5 ਵਜੇ ਤੋਂ ਸ਼ਾਮ 8:00 ਵਜੇ ਤੱਕ ਖੁੱਲ੍ਹਾ ਰਹੇਗਾ। ਸਵੇਰੇ ਨਿੱਤ ਨੇਮ ਤੇ ਸ਼ਾਮ ਨੂੰ ਰਹਿਰਾਸ ਦਾ ਪ੍ਰੋਗਰਾਮ ਹੋਵੇਗਾ। ਸੋਮਵਾਰ ਤੋਂ ਸ਼ਨਿੱਚਰਵਾਰ ਤੱਕ ਸਵੇਰੇ 10:00 ਵਜੇ ਤੋਂ 11:00 ਵਜੇ ਤੱਕ ਕੀਰਤਨ ਹੁੰਦਾ ਹੈ ਅਤੇ ਐਤਵਾਰ ਨੂੰ ਸਵੇਰੇ 9:30 ਵਜੇ ਤੋਂ 12:30 ਵਜੇ ਤੱਕ ਦਿਵਾਨ ਸਜਾਏ ਜਾਂਦੇ ਹਨ।

ਰਾਗੀ ਜਥਾ: ਭਾਈ ਦਿਨੇਸ਼ ਸਿੰਘ ਲਖਨਾਊ ਵਾਲੇ, ਭਾਈ ਪ੍ਰਵੀਨ ਸਿੰਘ ਪਾਉਂਟਾ ਸਾਹਿਬ ਵਾਲੇ ਕੀਰਤਨ ਕਰਦੇ ਹਨ।

ਹੋਰ ਜਾਣਕਾਰੀ ਲਈ ਤੁਸੀ ਹੇਠ ਲਿਖੇ ਫੋਨ ਨੰਬਰਾਂ 'ਤੇ ਕਾਲ ਕਰ ਸਕਦੇ ਹੋ।

ਪਿਆਰਾ ਸਿੰਘ ਬੱਸਨ: 604-254-2117, 604-254-3572, 604-325-0891

ਸੰਗਤਾਂ ਦੇ ਦਾਸ: ਪ੍ਰਬੰਧਕ ਕਮੇਟੀ, ਅਕਾਲੀ ਸਿੰਘ ਸਿੱਖ ਸੁਸਾਇਟੀ ਗੁਰਦੁਆਰਾ ਸਾਹਿਬ ਦਾ ਫੋਨ ਨੰਬਰ: (604) 254-2117

ਵਿਆਹ ਸ਼ਾਦੀ ਲਈ ਰਿਸ਼ਤੇ
Matrimonials

ਲੜਕੀ ਦੀ ਲੋੜ

ਅਰੋੜਾ ਸਿੱਖ ਅੰਮ੍ਰਿਤਧਾਰੀ ਲੜਕਾ ਉਮਰ 26 ਸਾਲ, ਕੱਦ 6 ਫੁੱਟ, ਵਿਜ਼ਟਰ ਵੀਜ਼ੇ 'ਤੇ ਅਮਰੀਕਾ ਵਿੱਚ ਰਹਿ ਰਿਹਾ ਹੈ, ਸਰੀ ਬੀਸੀ ਵਿੱਚ ਹਾਈ ਸਕੂਲ ਗ੍ਰੈਜੂਏਸ਼ਨ ਪਾਸ, ਕੈਨੇਡਾ ਦਾ ਵਿਜ਼ਟਰ ਵੀਜ਼ਾ ਹੋਲਡਰ, ਵਾਸਤੇ ਕੈਨੇਡੀਅਨ ਜਾਂ ਅਮਰੀਕਨ ਪੀ ਆਰ ਜਾਂ ਸਿਟੀਜਨ ਲੜਕੀ ਦੀ ਲੋੜ ਹੈ। ਸਾਰਾ ਪਰਿਵਾਰ ਡੈਲਟਾ, ਬੀਸੀ ਵਿੱਚ ਰਹਿ ਰਿਹਾ ਹੈ। ਸੰਪਰਕ ਕਰੋ:604-652-3503 (ਵਟਸਐਪ) 18 ਨਵੰਬਰ

BRIDE WANTED

We are a Jat Sikh family looking for a suitable match for our son, a Canadian citizen living in Vancouver. He is divorced, has no children, was born in 1987, stands 6'2" tall, is handsome, does not drink, follows a vegetarian diet, and has a bachelor's degree from India. Our family is well established and financially secure. We are seeking an educated, family-oriented girl with good values. If interested, please contact us on WhatsApp at +91-9915471066 with your recent photos and biodata.

19 Oct

ਲੜਕੇ ਦੀ ਲੋੜ

ਕਨੇਡਾ ਵਿਚ ਨੈਨੀ ਵਰਕ ਪਰਮਿਟ ਤੇ ਰਹਿ ਰਹੀ ਜੱਟ ਸਿੱਖ ਲੜਕੀ 1994 ਬੌਰਨ, ਕੱਦ 5 ਫੁੱਟ 5 ਇੰਚ, ਐਮ ਏ ਪੁਲਿਟੀਕਲ ਸਾਇੰਸ, ਵਾਸਤੇ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਸੰਪਰਕ ਕਰੋ:1-236-688-8435 ਜਾਂ 778-829-4847

23 Oct

ਲੜਕੀ ਦੀ ਲੋੜ

ਕਨੇਡਾ ਸਰੀ ਵਿਚ ਵਰਕ ਪਰਮਿਟ ਤੇ ਰਹਿ ਰਿਹਾ ਜੱਟ ਸਿੱਖ ਤਲਾਕਸ਼ੁਦਾ (Short Term) ਲੜਕਾ 1998 ਬੌਰਨ, ਕੱਦ 5 ਫੁੱਟ 10 ਇੰਚ, ITI Welder, ਵਾਸਤੇ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੀ ਲੋੜ ਹੈ। ਲੜਕੇ ਦਾ ਪਰਿਵਾਰ ਮੋਗੇ ਜ਼ਿਲ੍ਹੇ ਨਾਲ ਸਬੰਧਤ। ਤਲਾਕਸ਼ੁਦਾ ਲੜਕੀ ਤੇ ਵੀਚਾਰ ਕੀਤਾ ਜਾ ਸਕਦਾ ਹੈ। ਸੰਪਰਕ ਕਰੋ:

+91-9463787966 ਜਾਂ 604-338-9699 30 ਅਕਤੂਬਰ

ਜੀਵਨ ਸਾਥਣ ਦੀ ਲੋੜ

ਸੰਘਾ ਪਰਿਵਾਰ ਨਾਲ ਸਬੰਧਤ ਕਨੇਡੀਅਨ ਸਿਟੀਜਨ ਜੱਟ ਸਿੱਖ ਤਲਾਕਸ਼ੁਦਾ, ਉਮਰ 58 ਸਾਲ, ਕੱਦ 5 ਫੁੱਟ 8 ਇੰਚ, ਨਸ਼ਾ ਰਹਿਤ, ਆਪਣਾ ਕਾਰੋਬਾਰ ਕਰ ਰਹੇ ਵਾਸਤੇ ਜੀਵਨ ਸਾਥਣ ਦੀ ਲੋੜ ਹੈ। ਜਾਤਪਾਤ ਦਾ ਕੋਈ ਬੰਧਨ ਨਹੀਂ। ਤਲਾਕਸ਼ੁਦਾ ਜਾਂ ਵਿਧਵਾ 50 ਸਾਲ ਤੋਂ ਵੱਧ ਉਮਰ ਵਾਲੀ ਤੇ ਵੀਚਾਰ ਕੀਤਾ ਜਾ ਸਕਦਾ ਹੈ। ਕਨੇਡਾ/ਇੰਡੀਆ ਤੋਂ ਬੱਚੇ ਵਾਲੇ ਵੀ ਸੰਪਰਕ ਕਰ ਸਕਦੇ ਹਨ। ਸੰਪਰਕ ਕਰੋ:587-718-7234 25 ਦਸੰਬਰ

Punjabi Khatri family seeks a suitable match for their 24-year-old daughter, 5'3", fair, pure vegetarian, B.V.Sc. & A.H., currently pursuing MBA in Healthcare & Hospital Management. BCSE cleared and pursuing the North American veterinary licensing pathway. Belongs to an established business family from Punjab. Contact/ WhatsApp: +91 9855527600 / +1-647-648-1250
Email: vckabrol@gmail.com

25 dec

ਲੜਕੀ ਦੀ ਲੋੜ

ਕਨੇਡਾ ਵਿਚ ਵਰਕ ਪਰਮਿਟ ਤੇ ਰਹਿ ਰਿਹਾ ਜੱਟ ਸਿੱਖ ਲੜਕਾ 1996 ਬੌਰਨ, ਕੱਦ 5 ਫੁੱਟ 8 ਇੰਚ, ਗਰੈਜੂਏਟ, ਵਧੀਆ ਜੌਬ ਕਰ ਰਿਹਾ ਵਾਸਤੇ ਕਨੇਡੀਅਨ ਪੀ ਆਰ ਜਾਂ ਸਿਟੀਜਨ ਮਾਲਵੇ ਨਾਲ ਸਬੰਧਤ ਲੜਕੀ ਦੀ ਲੋੜ ਹੈ। ਸੰਪਰਕ ਕਰੋ:778-951-3003, 98-77515456

13 ਨਵੰਬਰ

ਲੜਕੀ ਦੀ ਲੋੜ

ਕਨੇਡਾ ਵਿਚ ਵਿਜਟਰ ਵੀਜੇ ਤੇ ਰਹਿ ਰਿਹਾ ਜੱਟ ਸਿੱਖ ਸੁਹਣਾ ਸੁਨੱਖਾ ਪਰਿਵਾਰਕ ਲੜਕਾ ਉਮਰ 25 ਸਾਲ, ਕੱਦ 6 ਫੁੱਟ, ਡਿਪਲੋਮਾ ਇਨ ਕਮਰਸ,9 ਏਕੜ ਜਮੀਨ ਦਾ ਮਾਲਕ ਵਾਸਤੇ ਕਨੇਡੀਅਨ ਪੀ ਆਰ ਜਾਂ ਸਿਟੀਜਨ ਪੜ੍ਹੀ ਲਿਖੀ ਪਰਿਵਾਰਕ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਕਨੇਡਾ ਵਿਚ ਹੈ, ਦਾਦਾ ਦਾਦੀ ਕਨੇਡਾ ਵਿਚ ਪੀ ਆਰ ਅਤੇ ਵੈੱਲ ਸੈਟਲਡ। ਸੰਪਰਕ ਕਰੋ:778-999-5312 ਜਾਂ 778-633-0244(ਫੋਨ ਜਾਂ ਵਟਸਐਪ ਕਰੋ) 13 nov

---

ਲੜਕੀ ਦੀ ਲੋੜ

ਕਨੇਡਾ ਵਿਚ ਵਰਕ ਪਰਮਿਟ ਤੇ ਪਿਛਲੇ 3 ਸਾਲ ਤੋਂ ਰਹਿ ਰਿਹਾ ਛੀਂਬਾ ਸਿੱਖ ਨਸ਼ਾ ਰਹਿਤ ਲੜਕਾ ਉਮਰ 36 ਸਾਲ, ਕੱਦ 5 ਫੁੱਟ 9 ਇੰਚ, ਵਧੀਆ ਕੰਮ ਕਰ ਰਿਹਾ ਹੈ, ਵਾਸਤੇ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੀ ਲੋੜ ਹੈ। ਜਾਤ ਪਾਤ ਦਾ ਕੋਈ ਬੰਧਨ ਨਹੀਂ। ਤਲਾਕਸ਼ੁਦਾ, ਸਟੱਡੀ ਜਾਂ ਵਰਕ ਪਰਮਿਟ ਵਾਲੀ ਲੜਕੀ ਤੇ ਵੀਚਾਰ ਕੀਤਾ ਜਾ ਸਕਦਾ ਹੈ। ਸੰਪਰਕ ਕਰੋ:306-450-0102

13 ਨਵੰਬਰ

ਰਿਸ਼ਤੇ ! ਰਿਸ਼ਤੇ ! ਰਿਸ਼ਤੇ

ਅਮਰੀਕਾ/ਕਨੇਡਾ ਅਤੇ ਇੰਡੀਆ ਤੋਂ ਹਰ ਤਰ੍ਹਾਂ ਦੇ ਬਰਾਬਰ ਦੀ ਯੋਗਤਾ ਵਾਲੇ ਰਿਸ਼ਤੇ ਕਰਾਉਣ ਲਈ ਹੇਠ ਲਿਖੇ ਨੰਬਰ ਤੇ ਕਾਲ ਕਰੋ। ਫੀਸ ਰਿਸ਼ਤਾ ਹੋਣ ਤੋਂ ਬਾਦ ਵਿਚ ਲਈ ਜਾਵੇਗੀ। ਸੰਪਰਕ ਕਰੋ ਸਿਆਟਲ:509-859-1146

ਲੜਕੇ ਦੀ ਲੋੜ

Jatt Sikh Punjabi girl born in 1994, Working as a Microbiologist at well known company, a Canadian PR, living in British Columbia (BC), from a respectable family, seeks a suitable groom. Looking for a good-looking clean shaved , well-educated, well-settled/ working boy with good family values and a caring nature. Non-alcoholic preferred. Canadian PR/Citizen preferred; Work Permit holders may also be considered. Truck drivers don't contact Please. Serious inquiries only. WhatsApp: +91 85570-72131 | +1 437-868-2371 23 oct

---

ਜੱਟ ਸਿੱਖ ਪੰਧੇਰ ਪਰਿਵਾਰ ਨੂੰ ਪੱਗੜੀਧਾਰੀ ਨਸ਼ਿਆਂ ਤੋਂ ਰਹਿਤ 29 ਸਾਲਾ ਕੱਦ 6'-1" ਓਪਨ ਵਰਕ ਪਰਮਿਟ ਤੇ ਪੁੱਤਰ ਲਈ ਪੜ੍ਹੀ ਲਿਖੀ ਸੋਹਣੀ, ਸਿਆਣੀ ਅਤੇ ਪਰਿਵਾਰਕ ਲੜਕੀ ਦੀ ਲੋੜ ਹੈ। ਲੜਕਾ ICBC ਵਿਚ ਸਰਕਾਰੀ ਜੌਬ ਤੇ ਹੈ। ਮਾਤਾ ਪਿਤਾ ਦੋਵੇਂ ਸਰਕਾਰੀ ਨੌਕਰੀ ਤੋਂ ਰੀਟਾਇਰ ਹੋ ਕੇ ਪੈਨਸ਼ਨ ਲੈ ਰਹੇ ਹਨ। ਕਨੇਡਾ ਦੀ PR ਜਾਂ ਸਿਟੀਜ਼ਨ ਪ੍ਰੀਵਾਰਿਕ ਲੜਕੀ ਨੂੰ ਪਹਿਲ। ਸੰਪਰਕ ਕਰਨ ਲਈ ਫੋਨ ਕਰੋ 604-763-7068 ਜਾਂ ਈ ਮੇਲ ਕਰੋ gillco1977@gmail.com

23 ਅਕਤੂਬਰ

ਲੜਕੀ ਦੀ ਲੋੜ

ਕਨੇਡੀਅਨ ਜੰਮਪਲ ਜੱਟ ਸਿੱਖ ਲੜਕਾ ਉਮਰ 31 ਸਾਲ, ਕੱਦ 5 ਫੁੱਟ 8 ਇੰਚ, ਆਪਣਾ ਬਿਜਨਸ ਕਰ ਰਿਹਾ, ਪਰਿਵਾਰ ਵੈੱਲ ਸੈਟਲਡ, ਵਾਸਤੇ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੀ ਲੋੜ ਹੈ। ਸੰਪਰਕ ਕਰੋ:1-250-485-2634

13 ਨਵੰਬਰ

Punjabi Khatri family seeks a suitable match for their 24-year-old daughter, 5'3", fair, pure vegetarian, B.V.Sc. & A.H., currently pursuing MBA in Healthcare & Hospital Management. BCSE cleared and pursuing the North American veterinary licensing pathway. Belongs to an established business family from Punjab. Contact/ WhatsApp: +91 9855527600 / +1-647-648-1250 | Email: vckabrol@gmail.com n

---

ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਧਾਲੀਵਾਲ ਤਲਾਕਸ਼ੁਦਾ ਲੜਕਾ ਉਮਰ 30 ਸਾਲ, ਕੱਦ 5 ਫੁੱਟ 7 ਇੰਚ, ਮਾਲਵੇ ਨਾਲ ਸਬੰਧਤ ਵਾਸਤੇ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੀ ਲੋੜ ਹੈ। ਵਰਲ ਪਰਮਿਟ ਵਾਲੀ ਜਾਂ ਸਟੂਡੈਂਟ ਲੜਕੀ ਤੇ ਵੀਚਾਰ ਕੀਤਾ ਜਾ ਸਕਦਾ ਹੈ। ਸੰਪਰਕ ਕਰੋ:778-855-5250

WhatsApp +919888180681

23 ਅਕਤੂਬਰ

---

2 ਲੜਕੀਆਂ ਦੀ ਲੋੜ

ਕਨੇਡੀਅਨ ਸਿਟੀਜਨ ਜੱਟ ਸਿੱਖ ਲੜਕਾ ਉਮਰ 33 ਸਾਲ, ਕੱਦ 6 ਫੁੱਟ ਵਾਸਤੇ ਲੜਕੀ ਦੀ ਲੋੜ ਹੈ। ਸਿਰਫ ਉਹੀ ਸੰਪਰਕ ਕਰਨ ਜੋ ਉਸਦੇ ਇੰਡੀਆ ਰਹਿ ਰਹੇ ਭਰਾ ਉਮਰ 32 ਸਾਲ, ਕੱਦ 6 ਫੁੱਟ 2 ਇੰਚ, ITI Plumber, ਨੂੰ ਕਨੇਡੀਅਨ ਲੜਕੀ ਦਾ ਰਿਸ਼ਤਾ ਕਰਵਾ ਸਕਣ। ਸੰਪਰਕ ਕਰੋ:778-710-0002

23 ਅਕਤੂਬਰ

ਲੜਕੀ ਦੀ ਲੋੜ

ਕਨੇਡੀਅਨ ਜੰਮਪਲ ਹਿੰਦੂ ਲੜਕਾ ਉਮਰ 31 ਸਾਲ, ਕੱਦ 5 ਫੁੱਟ 3 ਇੰਚ, ਕੋਰਟ ਹਾਊਸ ਕਲਰਕ ਦੀ ਜੌਬ ਕਰ ਰਿਹਾ, ਯੂਨੀਵਰਸਿਟੀ ਗਰੈਜੂਏਟ ਵਾਸਤੇ ਵੈਜੀਟੇਰੀਅਨ, ਨਸ਼ਾ ਰਹਿਤ(ਸ਼ਰਾਬ, ਸਿਗਰਟਨੋਸ਼ੀ ਆਦਿ ਤੋਂ) ਕਨੇਡੀਅਨ ਜੰਮਪਲ ਜਾਂ ਬਚਪਨ ਵਿਚ ਕਨੇਡਾ ਆਈ ਲੜਕੀ ਦੀ ਲੋੜ ਹੈ। ਸੰਪਰਕ ਕਰੋ:778-558-8130(ਵਟਸਐਪ ਕਰੋ ਜੀ)

6 ਨਵੰਬਰ

ਲੜਕੀ ਦੀ ਲੋੜ

ਕਨੇਡੀਅਨ ਬੌਰਨ ਜੱਟ ਸਿੱਖ ਸੰਧੂ ਪਰਿਵਾਰ ਦਾ ਤਲਾਕਸ਼ੁਦਾ ਲੜਕਾ ਉਮਰ 45 ਸਾਲ, ਕੱਦ 5 ਫੁੱਟ 10 ਇੰਚ ਲਈ ਹਾਣ ਪ੍ਰਵਾਣ ਦੀ ਉਮਰ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਬਿਨਾ ਬੱਚੇ ਤੋਂ ਤਾਲਾਕਸ਼ੁਦਾ ਲੜਕੀ ਵਾਲੇ ਵੀ ਸੰਪਰਕ ਕਰ ਸਕਦੇ ਹਨ। ਸੰਪਰਕ ਕਰੋ:403-540-9615 25 ਦਸੰਬਰ

ਲੜਕੀ ਦੀ ਲੋੜ

ਟਰਾਂਟੋ ਰਹਿ ਰਿਹਾ ਕਨੇਡੀਅਨ ਪੀ ਆਰ ਪੰਜਾਬੀ ਸਿੱਖ ਖੱਤਰੀ ਲੜਕਾ ਉਮਰ 31 ਸਾਲ, ਕੱਦ 5 ਫੁੱਟ 4 ਇੰਚ, Masters in Journalism & Bachelors in Law, ਪਰਿਵਾਰ ਪਟਿਆਲਾ ਨਾਲ ਸਬੰਧਤ ਵਾਸਤੇ ਯੋਗ ਲੜਕੀ ਦੀ ਲੋੜ ਹੈ। ਜਾਤਪਾਤ ਦਾ ਕੋਈ ਬੰਧਨ ਨਹੀਂ। ਸੰਪਰਕ ਕਰੋ :647-676-7600, 604-771-6800 Email-tarunpaul43@yahoo.com

n

ਲੜਕੀ ਦੀ ਲੋੜ

ਕਨੇਡੀਅਨ ਜੰਮਪਲ ਲੜਕਾ ਉਮਰ 30 ਸਾਲ, ਕੱਦ 6 ਫੁੱਟ 2 ਇੰਚ, ਗਰੈਜੂਏਟ ਵਾਸਤੇ ਕਨੇਡੀਅਨ ਇੰਮੀਗਰਾਂਟ ਜਾਂ ਸਿਟੀਜਨ ਲੜਕੀ ਦੀ ਲੋੜ ਹੈ। ਪਰਿਵਾਰ ਦੁਆਬੇ ਨਾਲ ਸਬੰਧਤ। ਸੰਪਰਕ ਕਰੋ:1-604-725-0692

13 ਨਵੰਬਰ

ਲੜਕੀ ਦੀ ਲੋੜ

ਕਨੇਡੀਅਨ ਜੰਮਪਲ ਜੱਟ ਸਿੱਖ ਲੜਕਾ 1998 ਬੌਰਨ, ਕੱਦ 6 ਫੁੱਟ 1 ਇੰਚ, **veterinarian** ਆਪਣਾ ਬਿਜਨਸ ਕਰ ਰਿਹਾ, ਪਰਿਵਾਰ ਬੀ ਸੀ ਵਿਚ ਪੂਰੀ ਤਰ੍ਹਾਂ ਸੈਟਲਡ ਵਾਸਤੇ ਸੁਹਣੀ ਸੁਨੱਖੀ, ਲੰਮੀ, ਪੜ੍ਹੀ ਲਿਖੀ ਪਰਿਵਾਰਕ ਲੜਕੀ ਦੀ ਲੋੜ ਹੈ। ਆਪਣਾ ਬਾਇਓਡੈਟਾ ਈਮੇਲ ਕਰੋ:
Chkd2027@gmail.com

16 dec

ਲੜਕੀ ਦੀ ਲੋੜ

ਕਨੇਡਾ ਵਿਚ ਵਰਕ ਪਰਮਿਟ ਤੇ ਰਹਿ ਰਿਹਾ ਜੱਟ ਸਿੱਖ ਲੜਕਾ ਉਮਰ 24 ਸਾਲ, ਕੱਦ 5 ਫੁੱਟ 11 ਇੰਚ, ਗਰੈਜੂਏਟ, ਵਧੀਆ ਕੰਮ ਕਰ ਰਿਹਾ ਹੈ, ਆਪਣੇ ਪਰਿਵਾਰ ਨਾਲ ਪਿਛਲੇ 5 ਸਾਲ ਤੋਂ ਸਰੀ ਵਿਚ ਰਹਿ ਰਿਹਾ ਹੈ, ਵਾਸਤੇ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੀ ਲੋੜ ਹੈ। ਪਰਿਵਾਰ ਮਾਝੇ ਨਾਲ ਸਬੰਧਤ। ਸੰਪਰਕ ਕਰੋ:778-979-5222(ਵਟਸਐਪ) 23 ਅਕਤੂਬਰ

ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਲੜਕਾ ਉਮਰ 28 ਸਾਲ, ਕੱਦ 5 ਫੁੱਟ 7 ਇੰਚ, ਗਰੈਜੂਏਟ, ਵਧੀਆ ਕੰਮ ਕਰ ਰਿਹਾ ਹੈ, ਵਾਸਤੇ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੀ ਲੋੜ ਹੈ। ਵਰਕ ਪਰਮਿਟ ਵਾਲੀ ਲੜਕੀ ਤੇ ਵੀਚਾਰ ਕੀਤਾ ਜਾ ਸਕਦਾ ਹੈ। ਸੰਪਰਕ ਕਰੋ:778-863-4108

6 ਨਵੰਬਰ

ਲੜਕੀ ਦੀ ਲੋੜ

ਕਨੇਡੀਅਨ ਜੰਮਪਲ ਪੰਜਾਬੀ ਸੈਣੀ ਸੰਸਕਾਰੀ ਲੜਕਾ ਉਮਰ 27 ਸਾਲ, ਕੱਦ 6 ਫੁੱਟ, CPA Double Degree, ਵੈਜੀਟੇਰੀਅਨ ਨਸ਼ਾ ਰਹਿਤ, ਪੰਜਾਬੀ ਅਤੇ ਅੰਗਰੇਜੀ ਭਾਸ਼ਾ ਤੋਂ ਜਾਣੂੰ ਵਾਸਤੇ ਕਨੇਡੀਅਨ ਪੀ ਆਰ ਜਾਂ ਸਿਟੀਜਨ ਸੰਸਕਾਰੀ ਪੜ੍ਹੀ ਲਿਖੀ ਨਸ਼ਾ ਰਹਿਤ ਲੜਕੀ ਦੀ ਲੋੜ ਹੈ। ਇੰਡੀਆ ਤੋਂ ਛੋਟੇ ਹੁੰਦੇ ਆਈ ਲੜਕੀ ਤੇ ਵੀਚਾਰ ਕੀਤਾ ਜਾ ਸਕਦਾ ਹੈ। ਪਰਿਵਾਰ ਦੁਆਬੇ ਨਾਲ ਸਬੰਧਤ ਅਤੇ ਕਨੇਡਾ ਵਿਚ ਵੈੱਲ ਸੈਟਲਡ। ਮੈਰਿਜ ਬਿਊਰੋ ਵਾਲੇ ਸੰਪਰਕ ਨਾ ਕਰਨ। ਸੰਪਰਕ ਕਰੋ:778-792-5988

30 ਜਨਵਰੀ

ਲੜਕੇ ਦੀ ਲੋੜ

ਕਨੇਡੀਅਨ ਜੰਮਪਲ ਹਿੰਦੂ ਲੜਕੀ ਉਮਰ 30 ਸਾਲ, ਕੱਦ 5 ਫੁੱਟ 3 ਇੰਚ, ਯੂਨੀਵਰਸਿਟੀ ਗਰੈਜੂਏਟ, ਸਰਕਾਰੀ ਟੀਚਰ ਦੀ ਜੌਬ ਕਰ ਰਹੀ ਵਾਸਤੇ ਵੈਜੀਟੇਰੀਅਨ ਨਸ਼ਾ ਰਹਿਤ (ਸ਼ਰਾਬ ਸਿਗਰਟਨੋਸ਼ੀ ਆਦਿ ਤੋਂ), ਕਨੇਡੀਅਨ ਜੰਮਪਲ ਜਾਂ ਬਚਪਨ ਵਿਚ ਕਨੇਡਾ ਆਏ ਲੜਕੇ ਦੀ ਲੋੜ ਹੈ। ਸੰਪਰਕ ਕਰੋ:778-558-8130(ਵਟਸਐਪ ਕਰੋ)

6 ਨਵੰਬਰ

Bride Needed

Handsome, tall (5'11") Grewal Jat Sikh boy, born 1993, New Zealand citizen, originally from Jabalpur. Belongs to an educated, respectable family, 2 sisters settled in Canada. Seeking an educated, family-oriented Sikh girl. CONTACT:1 (236) 412-9197
WhatsApp Contact:
+91 94258 42923 or
+91 99156 57509

6 nov

ਲੜਕੇ ਦੀ ਲੋੜ

ਕਨੇਡੀਅਨ ਪੀ ਆਰ ਤਲਾਕਸ਼ੁਦਾ ਲੜਕੀ ਉਮਰ 32 ਸਾਲ, ਕੱਦ 5 ਫੁੱਟ 4 ਇੰਚ, ਪੜ੍ਹੀ ਲਿਖੀ ਵਾਸਤੇ ਕਨੇਡੀਅਨ ਪੀ ਆਰ ਜਾਂ ਵਰਕ ਪਰਮਿਟ ਤੇ ਆਏ ਲੜਕੇ ਦੀ ਲੋੜ ਹੈ। ਆਪਣਾ ਬਾਇਓਡੈਟਾ ਅਤੇ ਤਸਵੀਰ ਭੇਜ ਸਕਦੇ ਹੋ:778-847-9522

6 nov

ਲੜਕੀ ਦੀ ਲੋੜ

ਜ਼ਿਲ੍ਹਾ ਮੋਗਾ ਦੇ ਚੰਗੇ, ਇੱਜ਼ਤਦਾਰ ਅਤੇ ਨਸ਼ਿਆਂ ਤੋਂ ਪੂਰੀ ਤਰ੍ਹਾਂ ਰਹਿਤ ਪਰਿਵਾਰ ਦੇ 33 ਸਾਲਾ, ਬੀ.ਕਾਮ ਪਾਸ, ਜੱਟ ਸਿੱਖ (ਗੋਤ ਸਿੱਧੂ) ਲੜਕੇ ਲਈ ਕੈਨੇਡਾ ਜਾਂ ਅਮਰੀਕਾ ਵਿੱਚ ਰਹਿ ਰਹੀ, ਚੰਗੇ ਪਰਿਵਾਰ ਨਾਲ ਸਬੰਧਤ, ਸੁਸ਼ੀਲ ਅਤੇ ਸਮਝਦਾਰ ਲੜਕੀ ਦੀ ਲੋੜ ਹੈ। ਤਲਾਕਸ਼ੁਦਾ ਲੜਕੀ ਦੇ ਰਿਸ਼ਤੇ ਨੂੰ ਵੀ ਖੁੱਲ੍ਹੇ ਦਿਲ ਨਾਲ ਵਿਚਾਰਿਆ ਜਾਵੇਗਾ। ਚਾਹਵਾਨ ਪਰਿਵਾਰ ਸੰਪਰਕ ਕਰਨ। ਸੰਪਰਕ ਕਰੋ:778-325-4696

13 ਨਵੰਬਰ

ਇੰਡੀਅਨ ਕੁੱਕ ਦੀ ਲੋੜ

ਸਿਆਟਲ ਵਿਚ ਜੇ ਕੇ ਟਾਇਰ (Cascade Truck & RV Wash) ਵਾਲਿਆਂ ਨੂੰ ਫੂਡ ਟਰੱਕ ਤੇ ਕੰਮ ਕਰਨ ਲਈ ਇੰਡੀਅਨ ਕੁੱਕ ਦੀ ਲੋੜ ਹੈ।

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:1-206-245-0114

ਕਲਾਸੀਫਾਈਡ CLASSIFIEDS

Workers Wanted

0961857 BC Ltd., 5688-168St Surrey BC V3S 3X4 requires Full time seasonal farm workers to work on their vegetable farms. Wages offered are $18.25 per hour Opportunity to earn incremental pay raises, performance pay and bonuses (not guaranteed) upon performance evaluation at the discretion of the employer and duties include planting, harvesting, washing and grading vegetables. This positions requires no education, formal training or work experience. Accommodation is available if required. Interested candidates should be available to work anytime in different weather conditions and must be able to lift up to 55 lbs of vegetable boxes. Please, Call at 604-760-9563, fax resume to 604- 575-7819.

Workers Wanted

Canadian Farms Produce requires Full time seasonal farm workers to work on their vegetable farms. Wages offered are $18.25 per hour Opportunity to earn incremental pay raises, performance pay and bonuses (not guaranteed) upon performance evaluation at the discretion of the employer and duties include planting, harvesting, washing and grading vegetables. This positions requires no education, formal training or work experience. Accommodation is available if required. Interested candidates should be available to work anytime in different weather conditions and must be able to lift up to 55 lbs of vegetable boxes. Please, fax resume to 604- 574- 5773. Cont

ਕਿਸੇ ਵੀ ਪ੍ਰਕਾਰ ਦੀ ਜਾਇਦਾਦ ਖਰੀਦਣ/ਵੇਚਣ ਲਈ ਸੰਪਰਕ ਕਰੋ

ਨਿਊ ਚੰਡੀਗੜ੍ਹ ਵਿਚ ਪਲਾਟ, ਕੋਠੀ ਖਰੀਦਣ ਜਾਂ ਵੇਚਣ ਲਈ ਮੇਰੇ ਨਾਲ ਸੰਪਰਕ ਕਰੋ:91-82270-01984

APC PEST CONTROL



ਕਾਕਰੋਚ, ਚੂਹੇ, ਚੂਹੀਆਂ, ਕੀੜੀਆਂ, ਪਿੱਸੂ, ਸਿਲਵਰਫਿਸ਼, ਮੱਖੀਆਂ, ਚਿੜੀਆਂ, ਕਬੂਤਰ ਅਤੇ ਕਾਟੋਆਂ ਨੂੰ ਕੰਟਰੋਲ ਕਰਨ ਲਈ (ਘਰ,ਆਫਿਸ,ਰੈਸਟੋਰੈਂਟ ਅਤੇ ਸਟੋਰਾਂ ਲਈ)

ਗੋਲੀ ਅੰਦਰ ਚੂਹਾ ਜਲੰਧਰ

ਦੇਵਿੰਦਰ ਨਾਲ ਸੰਪਰਕ ਕਰੋ

Call: 604-999-7378 (PEST)

Government Licensed & Insured Environmentally Safe

ਲੇਡੀ ਟੇਲਰ ਤੇ ਵਰਕਰ ਦੀ ਲੋੜ 17 SECTOR

ਸੈਕਟਰ 17 ਸਰੀ ਵਾਲਿਆਂ ਨੂੰ ਤਜਰਬੇਕਾਰ ਲੇਡੀ ਟੇਲਰ ਦੀ ਲੋੜ ਹੈ।ਤਨਖਾਹ ਤਜਰਬੇ ਦੇ ਆਧਾਰ ਤੇ ਵਧੀਆ ਦਿੱਤੀ ਜਾਵੇਗੀ।ਕੰਮ ਫੁੱਲ ਟਾਈਮ।ਸੰਪਰਕ ਕਰੋ:

Ph:604.594.1788

ETHNIC FOOD COOK NEEDED

H Anmol Sweets at #108 - 8363-128th St., Surrey BC., V3W4G1 requires a full time permanent **ETHNIC FOOD COOK.**

Duties : Prepare and cook complete meals or individual dishes and foods. Schedule and supervise kitchen helpers. Oversee kitchen operations. Maintain inventory and records of food, supplies and equipment. Clean kitchen and work area..

Requirements : Completion of Secondary School is required. Completion of a three year apprenticeship program for cooks and completion of college or other program in cooking or food safety or several years of commercial cooking experience is required.

Salary : $20.00/hr. based on 40 hours per week.

Qualified applicants are invited to email resume at anmolsweets@job4u.com

Mail or drop-off resumes at above address.

ਲਰਨਿੰਗ ਲਾਇਸੈਂਸ, ਸਿਟੀਜਨਸ਼ਿਪ



- ਕਾਰ, ਟੈਕਸੀ, ਬੱਸ, ਟਰੱਕ ਜਾਂ ਮੋਟਰਸਾਈਕਲ ਦੇ ਲਰਨਿੰਗ ਲਾਇਸੈਂਸ ਦੀ ਤਿਆਰੀ ਕਰਵਾਉਂਦੇ ਹਾਂ
- ਸਿਟੀਜਨਸ਼ਿਪ ਇੰਟਰਵਿਊ ਅਤੇ ਟੈਸਟ ਦੀ ਤਿਆਰੀ
- ਰੀਅਲ ਅਸਟੇਟ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ

ਸੰਪਰਕ ਕਰੋ ਇਕਬਾਲ ਸਿੰਘ ਬਰਾੜ
12306-69A Ave, Surrey

604-596-9600 (ਸੈਲ), 604-591-1239

KING 73 RENO LTD.

We Do All Kind Of Renovation

* ਫਰੇਮਿੰਗ * ਡਰਾਈਵਾਲ * ਪੇਂਟਿੰਗ * ਟਾਈਲਾਂ
* ਸਨਡੈੱਕ ਦੀ ਰਿਪੇਅਰ * ਲੈਮੀਨੇਟ * ਵਾਸ਼ਰੂਮ
* ਕਿਚਨ * ਐਕਸਟਰਾ ਰੂਮ ਐਡੀਸ਼ਨ
* ਇਲੈਕਟ੍ਰੀਕਲ * ਪਲੰਬਿੰਗ * ਰੂਫਿੰਗ ਦਾ ਕੰਮ

ਅਸੀਂ ਸਨਡੈੱਕ ਅਤੇ ਪੌੜੀਆਂ ਵੀ ਰਿਪੇਅਰ ਕਰਦੇ ਹਾਂ



FREE ESTIMATES

ਵੱਡੀ ਜਾਂ ਛੋਟੀ ਜੌਬ, ਹਰ ਪ੍ਰਕਾਰ ਦੀ ਰੈਨੋਵੇਸ਼ਨ ਫਰੀ ਐਸਟੀਮੇਟ ਵਾਸਤੇ 22 ਸਾਲਾਂ ਦੇ ਤਜਰਬੇਕਾਰ ਗੁਰਦੀਪ ਸਿੰਘ ਨਾਲ ਸੰਪਰਕ ਕਰੋ :

KING 73 RENO LTD. ਵਾਲਿਆਂ ਨੂੰ ਵਰਕਰਾਂ ਦੀ ਲੋੜ ਹੈ।ਕੰਮ ਹਫਤੇ ਵਿਚ 6 ਦਿਨ ਚੱਲੇਗਾ।ਤਨਖਾਹ ਤਜਰਬੇ ਅਨੁਸਾਰ ਦਿੱਤੀ ਜਾਵੇਗੀ।ਹੋਰ ਜਾਣਕਾਰੀ ਲਈ ਸੰਪਰਕ ਕਰੋ

Gurdeep S. Gill 778.896.4555

king73renoltd@gmail.com www.king73reno.com

ਬੇਸਮੈਂਟ ਕਿਰਾਏ ਲਈ ਖਾਲੀ

ਸਰੀ ਵਿਚ 142 ਸਟਰੀਟ ਅਤੇ 68 ਐਵੇਨਿਊ ਤੇ ਸੀਨੀਅਰ ਲੇਡੀ ਨਾਲ ਘਰ ਵਿਚ ਇਕ ਕਮਰਾ Shared 1 ਜਾਂ 2 ਕੁੜੀਆਂ ਵਾਸਤੇ ਕਿਰਾਏ ਲਈ ਖਾਲੀ ਹੈ।ਸੰਪਰਕ ਕਰੋ:778-889-3261

ਗ੍ਰੰਥੀ ਸਿੰਘ ਅਤੇ ਤਬਲਾਵਾਦਕ ਦੀ ਲੋੜ


ਬੈਲਿੰਗਹਾਮ ਵਾਸ਼ਿੰਗਟਨ ਸਟੇਟ ਵਿਚ ਸਾਨੂੰ ਇਕ ਗ੍ਰੰਥੀ ਸਿੰਘ ਅਤੇ ਤਬਲਾਵਾਦਕ ਦੀ ਲੋੜ ਹੈ।ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:1-360-647-5757

ਧਰਨੇ-ਪ੍ਰਦਰਸ਼ਨਾਂ ਨਾਲ ਕੁਝ ਹਾਸਲ ਨਹੀਂ ਹੋਵੇਗਾ; ਚੋਣਾਂ ਜਿੱਤਣੀਆਂ ਹਨ ਤਾਂ ਲੋਕਾਂ ਵਿੱਚ ਜਾਓ:ਅਮਿਤ ਸ਼ਾਹ

ਦਿੱਲੀ:-ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਵੀਰਵਾਰ ਨੂੰ ਕਾਂਗਰਸ 'ਤੇ ਨਿਸ਼ਾਨਾ ਸੇਧਦਿਆਂ ਕਿਹਾ ਕਿ ਧਰਨੇ-ਪ੍ਰਦਰਸ਼ਨਾਂ ਨਾਲ ਕੁਝ ਹਾਸਲ ਨਹੀਂ ਹੋਵੇਗਾ ਅਤੇ ਭਾਜਪਾ ਅਗਲੇ 30 ਸਾਲਾਂ ਤੱਕ ਸੱਤਾ ਵਿੱਚ ਬਣੀ ਰਹੇਗੀ, ਕਿਉਂਕਿ ਪਾਰਟੀ ਲੋਕਾਂ ਵਿੱਚ ਰਹਿੰਦੀ ਹੈ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਚੁੱਕਦੀ ਹੈ।ਉਨ੍ਹਾਂ ਕਿਹਾ ਕਿ ਅਗਲੇ 30 ਸਾਲਾਂ ਤੱਕ ਵੀ ਰਾਹੁਲ ਗਾਂਧੀ ਦੇ ਸੱਤਾ ਵਿੱਚ ਆਉਣ ਦਾ ਕੋਈ ਮੌਕਾ ਨਹੀਂ ਹੈ। ਸ਼ਾਹ ਨੇ ਕਿਹਾ, "ਭਾਜਪਾ ਦੇ ਕਰੋੜਾਂ ਵਰਕਰ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਲੋਕਾਂ ਦੇ ਵਿਚਕਾਰ ਰਹਿੰਦੇ ਹਨ, ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਸਮਝਦੇ ਹਨ ਅਤੇ ਉਨ੍ਹਾਂ ਨੂੰ ਹੱਲ ਕਰਨ ਲਈ ਲਗਾਤਾਰ ਕੰਮ ਕਰਦੇ ਹਨ।"



ਪੰਜਾਬ ਗਾਰਡੀਅਨ ਨਾਲ
ਐਡ ਪਾਓ ਅਤੇ ਆਪਣਾ
ਬਿਜ਼ਨਸ ਵਧਾਓ
ਪੰਜਾਬ ਗਾਰਡੀਅਨ
Call to Advertise
604-590-5200


TOOR LANDSCAPING & FENCE
RESIDENTIAL & COMMERCIAL
• ਅਸੀਂ ਨਵੇਂ ਅਤੇ ਪੁਰਾਣੇ ਘਰਾਂ ਵਿੱਚ ਫੈਂਸ ਲਾਉਣ ਦਾ ਕੰਮ ਕਰਦੇ ਹਾਂ।
• 2X3 ਦਾ ਫਰੇਮ ਸੋਲਿਡ $210 ਦਾ ਪੈਨਲ
• ਪੁਰਾਣੀਂ ਚੁੱਕ ਕੇ ਲੈ ਜਾਂਦੇ ਹਾਂ।
• ਕੰਮ ਦੀ ਪੂਰੀ ਪੂਰੀ ਗਰੰਟੀ ਹੈ।
• ਸਾਡੇ ਰੇਟ ਬਹੁਤ ਹੀ ਵਾਜ਼ਬ ਹਨ।

ਅਸੀਂ ਲੋਹੇ ਅਤੇ ਵਾਈਨਲ ਦੀ ਫੈਂਸ ਵੀ ਲਾਉਂਦੇ ਹਾਂ
ਅਸੀਂ ਸਪੈਸ਼ਲ ਚੇਟਾਂ ਤੇ ਫੈਂਸ ਲਾਉਂਦੇ ਹਾਂ
ਹੋਰ ਜਾਣਕਾਰੀ ਲਈ ਜਗਤਾਰ ਨੂੰ ਫੋਨ ਕਰੋ
ਅਸੀਂ ਮਸ਼ਰੂਮ ਦਾ ਢੇਰ ਡਿਲੀਵਰ ਕਰਦੇ ਹਾਂ ਅਤੇ ਪਾ ਕੇ ਵੀ ਜਾਂਦੇ ਹਾਂ।
604-729-3225
ਅਸੀਂ ਸਨ ਡੈੱਕ ਦੇ ਸਟੈਪ ਵੀ ਬਣਾਉਂਦੇ ਹਾਂ।
ਅਸੀਂ ਕਾਂਵਾਂ ਦਾ ਪੁੱਟਿਆ ਹੋਇਆ ਘਾਹ ਵੀ ਫਿਕਸ ਕਰਦੇ ਹਾਂ

SINGH RAJ
RENOVATION CO.

We noticed your house needs minor repair
Unsure ofyourhousehold fixtures?
Just to replace or repair? Get it Done Today!
We guaranteed Singh Raj Renovation is the smartest choice for household small jobs
*Residential Wooden Stairs Jobs
*Residential Doors & Lock Jobs
*Painting & Cleaning Jobs
*Wooden Cabinets Repair & Paint
SPECIALISTS IN
Maintain+Repair & New Installation
Reasonable Rates
20Yrs Exprienced
*Minor Electrical Trouble Shooting & Replacement of Lights, Washroom fans, Range hoods
*Touble Shooting in Plumbing *Replacement of Tiles, Taps, Faucets.
Call Raj: 778-229-9261

STORM
ELECTRIC LTD.
Residential & Commercial
Licenced & Bonded
*All Kinds Of Electrical Service
*Best Rate
*Friendly Service
*Quality Workmanship


Mandeep Dhaliwal
(Certified Electrician)
778-994-7207
Email:stormelectricltd@gmail.com

ਪੁਰਾਣੇ ਘਰਾਂ ਦੀ ਮੁਕੰਮਲ ਰੇਨੋਵੇਸ਼ਨ ਦਾ ਕੰਮ ਬਹੁਤ ਹੀ ਵਾਜਬ ਰੇਟਾਂ ਅਤੇ ਤਸੱਲੀਬਖਸ਼ ਕੀਤਾ ਜਾਂਦਾ ਹੈ। ਫਰੇਮਿੰਗ, ਡਰਾਈਵਾਲ, ਪੇਟਿੰਗ, ਟਾਇਲਜ਼, ਲੈਮੀਨੇਟ, ਇਲਕਟ੍ਰੀਕਲ ਪਲੰਬਿੰਗ ਅਤੇ ਫੈਨਸਿੰਗ ਦੇ ਕੰਮਾਂ ਵਿਚ ਮਾਹਿਰ

Contact for Kitchen Cabinet & Counter Tops in Homes
ਘਰ ਜਾਂ ਬੇਸਮੈਂਟ ਰਿਪੇਅਰ ਕਰਵਾਉਣ ਲਈ ਸੰਪਰਕ ਕਰੋ
236-234-4081

ਸੰਦਲ ਰੈਨੋਵੇਸ਼ਨ
Your's Complete Home Renovation
* ਫਰੇਮਿੰਗ * ਇਲੈਕਟ੍ਰੀਕਲ
* ਡਰਾਈਵਾਲ * ਪਲਬਿੰਗ
* ਪੇਂਟਿੰਗ * ਕਾਰਪੈਟ
* ਟਾਈਲਜ਼ * ਰੂਫਿੰਗ ਦਾ ਕੰਮ
* ਲੈਮੀਨੇਟ * ਸਨਡੈਕ ਦੀ ਰਿਪੇਅਰ
ਮੁਫਤ ਐਸਟੀਮੇਟ ਲਈ ਸੰਪਰਕ ਕਰੋ
ਭਿੰਦਰ: 604-725-6270

GARCHA Plumbing Heating & Repair Ltd.


ਨਵੇਂ ਪੁਰਾਣੇ ਘਰਾਂ ਦੀ ਹੀਟਿੰਗ ਅਤੇ ਪਲਬਿੰਗ
* Hot Water Tank Replacement
* Boiler & Furnace Repair
* Drain Cleaning
* Certified Plumber
ਹਾਟ ਵਾਟਰ ਟੈਂਕ ਉਸੇ ਦਿਨ ਬਦਲ ਦੇ ਹਾਂ

Amarjit Singh Garcha
604-306-3276
Big Or Small, We Do It All

BT LINE PAINTING CO.
ਟੋਪਲਾਈਨ ਪੇਂਟਿੰਗ ਅਸੀਂ ਸਨਡੈਕ ਵੀ ਬਣਾਉਂਦੇ ਹਾਂ
SPECIALIZING IN:
Spray & Roller Panting * Interior & Exterior * Pressure Washing*
ਅਸੀਂ ਰੀ-ਰੂਫੀਂਗ, ਫਰੇਮਿੰਗ ਅਤੇ ਡਰਾਈਵਾਲ ਦਾ ਕੰਮ ਵੀ ਕਰਦੇ ਹਾਂ।
ਹਰ ਕਿਸਮ ਦੀ ਰੈਨੋਵੇਸ਼ਨ, ਵਾਸ਼ਰੂਮ, ਹਾਰਡਵੂਡ ਫਲੋਰਿੰਗ, ਬੇਸਮੈਂਟ, ਟਾਈਲਾਂ ਆਦਿ
ਕਮਰਸ਼ੀਅਲ ਐਂਡ ਰੈਜ਼ੀਡੈਂਸ਼ੀਅਲ * ਕੁਆਲਟੀ ਵਰਕ * ਵਾਜਬ ਰੇਟ
For FREE estimates call Mr. Kulwant Singh Boyal
Cell: 604-340-7497 Res: 604-543-8064

ਕਵਿਤਾਵਾਂ

ਧੰਨ ਜਿਗਰਾ ਬਾਪੂ ਦਾ

ਬਾਪੂ ਕਹਿੰਦਾ ਪੁੱਤ ਦੀ , ਮੈਂ ਲਾਸ਼ ਨੀ ਸਾੜਾਂਗਾ
ਭਾਵੇਂ ਰਹਿ ਜਾਣ ਹੱਡੀਆਂ, ਨਹੀਂ ਚਿਖਾ ਤੇ ਚਾੜ੍ਹਾਂਗਾ
ਮਿਲਦਾ ਨੀ ਇਨਸਾਫ਼ ਉਦੋਂ ਤੱਕ, ਫੁਲ ਨੀ ਤਰਾਂਗਾ
ਸ਼ੇਰਾਂ ਵਾਂਗ ਦਹਾੜਦਾ, ਧੰਨ ਜਿਗਰਾ ਬਾਪੂ ਦਾ
ਪੁੱਤਾਂ ਦੇ ਪੁੱਤ ਪਾਲਦਾ, ਧੰਨ ਜਿਗਰਾ ਬਾਪੂ ਦਾ
ਪੁੱਤ ਦੇ ਪੁੱਤਰ ਪਾਲਦਾ, ਧੰਨ ਜਿਗਰਾ ਬਾਪੂ ਦਾ
ਝੋਟੇ ਦੇ ਪੁੱਤ ਪਾਲਦਾ, ਧੰਨ ਜਿਗਰਾ ਬਾਪੂ ਦਾ
ਅੱਖੇ ਹੁੰਦੇ ਵੱਢਣੇ ਮੁੱਢ, ਹਰਿਆਂ ਰੁੱਖਾਂ ਦੇ
ਸੌਖੇ ਨਹੀਓਂ ਪਾਲਣੇ ਪੁੱਤ, ਮਰਿਆਂ ਪੁੱਤਾਂ ਦੇ
ਪੋਤੇ ਚੁੱਪ ਕਰਾਂਵਦਾ, ਧੰਨ ਜਿਗਰਾ ਬਾਪੂ ਦਾ
ਝੋਟੇ ਦੇ ਪੁੱਤ ਪਾਲਦਾ,ਧੰਨ ਜਿਗਰਾ ਬਾਪੂ ਦਾ
ਪੁੱਤਾਂ ਦੇ ਪੁੱਤ ਪਾਲਦਾ ਧੰਨ ਜਿਗਰਾ ਬਾਪੂ ਦਾ
ਮਾਂ ਦੁਹਥੜੇ ਮਾਰੇ, ਬਾਪੂ ਅੱਖੀਆਂ ਭਰਦਾ ਏ
ਨੂੰਹ ਦੀਆਂ ਟੁੱਟੀਆਂ ਬੰਗਾਂ, ਬਾਪੂ ਕੱਠੀਆਂ ਕਰਦਾ ਏ
ਪੋਤੇ ਹਿੱਕ ਨਾਲ ਲਾਂਵਦਾ, ਧੰਨ ਜਿਗਰਾ ਬਾਪੂ ਦਾ
ਪੁੱਤ ਦੇ ਪੁੱਤਰ ਪਾਲਦਾ, ਧੰਨ ਜਿਗਰਾ ਬਾਪੂ ਦਾ
ਕਹਿੰਦਾ ਪੈਲੀ ਵੇਚਕੇ, ਮੈਂ ਪੁੱਤ ਬਚਾ ਲਾਊਂਗਾ
ਨਸ਼ੇ ਮੁਕਾਵਣ ਵਾਸਤੇ, ਮੈਂ ਜਿੰਦ ਮੁਕਾ ਦਾਊਂਗਾ
ਨਾ ਡਾਣਸੀਵਾਲੀਆ ਹਾਰਦਾ,ਧੰਨ ਜਿਗਰਾ ਬਾਪੂ ਦਾ
ਗਿੱਦੜਾਂ ਨੂੰ ਲਲਕਾਰਦਾ, ਧੰਨ ਜਿਗਰਾ ਬਾਪੂ ਦਾ
ਪੁੱਤ ਦੇ ਪੁੱਤਰ ਪਾਲਦਾ, ਧੰਨ ਜਿਗਰਾ ਬਾਪੂ ਦਾ



ਕੁਲਵੀਰ ਸਿੰਘ ਡਾਨਸੀਵਾਲ
778 863 2472

ਮੁਆਫ਼ੀ ਦਿਓ ਜੀ

ਜੇ ਨਹੀਂ ਕਬੂਲ ਮੇਰੇ ਅਸੂਲ,
ਤਾਂ ਮੈਨੂੰ ਮੁਆਫ਼ੀ ਦਿਓ ਜੀ,
ਜੇ ਮੇਰੀ ਗੱਲ ਨਾ ਲੱਗੇ ਸਥੂਲ,
ਤਾਂ ਮੈਨੂੰ ਮੁਆਫ਼ੀ ਦਿਓ ਜੀ।
ਮੇਰੀ ਜ਼ਮੀਰ ਨੂੰ ਤੁਹਾਡੇ ਹੁਕਮਾਂ ਤੋਂ,
ਸਖ਼ਤ ਹੈ ਨਫ਼ਰਤ,
ਇਸ ਗੁਸਤਾਖ਼ੀ ਲਈ ਹਜ਼ੂਰ,
ਮੈਨੂੰ ਮੁਆਫ਼ੀ ਦਿਓ ਜੀ।
ਮਜਬੂਰੀ ਹੈ ਕਿ ਮੈਨੂੰ ਸੱਚੀ ਗੱਲ,
ਕਹਿਣੀ ਹੈ ਪੈਂਦੀ,
ਜੇਕਰ ਸੱਚ ਨਹੀਂ ਮਨਜ਼ੂਰ,
ਤਾਂ ਮੈਨੂੰ ਮੁਆਫ਼ੀ ਦਿਓ ਜੀ।
ਕੀਮਤ ਘਟਾ ਕੇ ਆਪਣੀ,
ਮੈਂ ਜਿਉਣਾ ਨਹੀਂ ਚਾਹੁੰਦਾ,
ਜੇ ਮੈਂ ਲੱਗਾਂ ਤੁਹਾਨੂੰ ਮਗ਼ਰੂਰ,
ਤਾਂ ਮੈਨੂੰ ਮੁਆਫ਼ੀ ਦਿਓ ਜੀ।
ਨਾ ਰੱਖਿਓ ਮੈਥੋਂ ਉਮੀਦ,
ਕਿਤੇ ਝੁਕ ਜਾਵਣ ਦੀ,
ਜੇ ਮੈਂ ਬਣ ਜਾਵਾਂ ਮਨੂਰ,
ਤਾਂ ਮੈਨੂੰ ਮੁਆਫ਼ੀ ਦਿਓ ਜੀ।
ਨਰਕਾਂ ਤੱਕ ਵੀ ਤੁਸੀਂ ਜੇ,
ਪਹੁੰਚ ਗਏ ਮੇਰੇ ਪਿੱਛੇ,
ਜੇ ਯਮਰਾਜ ਵੀ ਦਿਸੇ ਕਰੂੜ,
ਤਾਂ ਮੈਨੂੰ ਮੁਆਫ਼ੀ ਦਿਓ ਜੀ।
ਸਵਰਗਾਂ ਵਿੱਚ ਤਾਂ ਮੇਰੀ,
ਸ਼ਾਇਦ ਨਾ ਹੋਵੇ ਵੁੱਕਤ,
ਜੇ ਧਰਮਰਾਜ ਝਿੜਕੇ ਭਰਪੂਰ,
ਤਾਂ ਮੈਨੂੰ ਮੁਆਫ਼ੀ ਦਿਓ ਜੀ।

ਰਵਿੰਦਰ ਸਿੰਘ ਕੁੰਦਰਾ ਕੌਵੈਂਟਰੀ, ਯੂ ਕੇ

ਖ਼ਾਮੋਸ਼ੀ ਦੀ ਆਵਾਜ਼

ਜੇ ਮੈਂ ਬੋਲ ਨਾ ਸਕੀ, ਤਾਂ ਕੀ ਹੋਇਆ,
ਤੂੰ ਮੇਰੀ ਖ਼ਾਮੋਸ਼ੀ ਨੂੰ ਤਾਂ ਸੁਣਦਾ ਰਿਹਾ।
ਜੇ ਮੈਂ ਇਕੱਲੀ ਰਹਿ ਗਈ, ਤਾਂ ਕੀ ਹੋਇਆ,
ਤੂੰ ਤਾਂ ਬਣ ਕੇ ਮੇਰਾ ਪਰਛਾਂਵਾ ਰਿਹਾ।
ਮੇਰੀ ਦਾਸਤਾਨ ਕਿਸੇ ਨਾ ਸਮਝੀ, ਤਾਂ ਕੀ ਹੋਇਆ,
ਤੇਰਾ ਹੱਥ ਤਾਂ ਮੇਰੇ ਸਿਰ ਉਤੇ ਹਮੇਸ਼ਾ ਰਿਹਾ।
ਜੇ ਮੈਂ ਬੇ ਵਜ੍ਹਾ ਪੀੜ ਝੱਲੀ, ਤਾਂ ਕੀ ਹੋਇਆ,
ਤੂੰ ਮੈਨੂੰ ਟੁੱਟਦੀ ਨੂੰ ਜੋੜਦਾ ਵੀ ਤਾਂ ਰਿਹਾ।
ਜੇ ਮੈਂ ਤੈਨੂੰ ਕਦੇ ਅੱਖੀਂ ਨਹੀਂ ਦੇਖਿਆ, ਤਾਂ ਕੀ ਹੋਇਆ,
ਮੇਰਾ ਦਿਲ ਤਾਂ ਤੈਨੂੰ ਹਰ ਪਲ ਮਹਿਸੂਸ ਕਰਦਾ ਰਿਹਾ।
ਜੇ ਮੈਂ ਬੋਲ ਨਾ ਸਕੀ, ਤਾਂ ਕੀ ਹੋਇਆ,
ਤੂੰ ਮੇਰੀ ਖ਼ਾਮੋਸ਼ੀ ਨੂੰ ਤਾਂ ਸੁਣਦਾ ਰਿਹਾ।

ਬਲਜਿੰਦਰ ਕੌਰ ਸ਼ੇਰਗਿੱਲ

.ਗ਼ਜ਼ਲ

ਪਿੰਡੋਂ ਤੁਰਦਿਆਂ ਅੱਖੀਓਂ ਜੋ ਅੱਥਰੂ ਸੀ ਡੁੱਲ੍ਹੇ ।
ਮੈਨੂੰ ਝੱਗੇ ਉੱਤੇ ਪਏ, ਅਜੇ ਦਾਗ਼ ਨਹੀਓਂ ਭੁੱਲੇ ।
ਮਾਈ ਸੰਤੀ ਦੀ ਭੱਠੀ ਕਦੇ ਹੋਲ਼ਾਂ ਕਦੇ ਆਭੂ,
ਕਦੇ ਤਪਦੀ ਕੜਾਹੀ ਵਿਚ ਖਿੜਦੇ ਸੀ ਫੁੱਲੇ ।
ਸਾਂਝੀ ਪਾਥੀਆਂ ਦੀ ਅੱਗ ਪਿੰਡੋਂ ਬੁਝਦੀ ਕਦੇ ਨਾ,
ਸਭ ਘਰਾਂ ਵਿਚ ਓਹੀ ਨਿੱਤ ਬਾਲਦੀ ਸੀ ਚੁੱਲ੍ਹੇ ।
ਗਿੱਲਾ ਪਰਨਾ ਲਪੇਟ ਸੌਣਾ ਕੋਠੇ ਮੰਜਾ ਡਾਹ ਕੇ,
ਬਾਤਾਂ ਸੁਣਦੇ ਉਡੀਕੀ ਜਾਣਾ ਪੁਰੇ ਵਾਲੇ ਬੁੱਲੇ ।
ਮਿੱਠੇ ਖ਼ਾਨਗਾਹ ਦੇ ਚੌਲ, ਰੋਟ ਪੱਕਣਾ ਕਮਾਲ,
ਚਾਚੇ ਧੰਨਾ ਸਿੰਘ ਵਾਲੇ ਮੈਨੂੰ ਮੇਸੂ ਨਹੀਉਂ ਭੁੱਲੇ ।
ਕੱਚੇ ਵਿਹੜੇ ਵਿਚ ਸ਼ਾਮ ਨੂੰ ਤਰੋਂਕ ਦੇਣਾ ਪਾਣੀ,
ਪੈਂਦ ਮੰਜਿਆ ਦੀ ਕੱਸਣੀ ਤੇ ਸੌਣਾ ਹੋ ਕੇ ਖੁੱਲ੍ਹੇ ।
ਜਦੋਂ ਮੁੜਨਾ ਸਕੂਲੋਂ ਰਾਹ ਚ ਤਾਏ ਘੇਰ ਲੈਣਾ,
ਉਹਦੇ ਟੋਕਵੇਂ ਪਹਾੜੇ ਪੁੱਛੇ, ਅੱਜ ਵੀ ਨਹੀਂ ਭੁੱਲੇ ।
ਹੱਟੀ ਸ਼ਾਹਵਾਂ ਦੀ ਤੋਂ ਲੈ ਕੇ ਖਾਣਾ ਜਦੋਂ ਵੀ ਮਰੂੰਡਾ,
ਕਿੰਜ ਦੱਸੀਏ ਸਵਾਦ, ਨਿਰੇ ਲੁੱਟੇ ਅਸਾਂ ਬੁੱਲੇ ।
ਪੱਕੇ ਪੇਪਰਾਂ ਦੇ ਨੇੜੇ ਜਾ ਕੇ ਚੜ੍ਹਨਾ ਬੁਖ਼ਾਰ,
ਕੱਚੇ ਪੇਪਰਾਂ 'ਚ ਹੋਈਦਾ ਸੀ ਪਾਸ ਲਾ ਕੇ ਟੁੱਲੇ।
ਏਸ ਸ਼ਹਿਰ 'ਚ ਮੈਂ ਅੱਧੀ ਸਦੀ ਰੱਜ ਕੇ ਹੰਢਾਈ,
ਤੁਰੇ ਨਾਲ ਮੇਰੇ ਪਿੰਡ ਦੇ ਨਜ਼ਾਰੇ ਅਣਮੁੱਲੇ ।

ਗੁਰਭਜਨ ਸਿੰਘ ਗਿੱਲ

ਕਵਿਤਾ

ਸਾਡੇ ਸੁਪਨੇ ਗੁਲਾਬੀ ਰੰਗ ਦੇ,
ਹੜਾਂ ਦੇ ਪਾਣੀ ਵਿਚ ਰੁੜ੍ਹ ਗਏ।
ਸਾਡਾ ਜੱਗ ਤੋਂ ਅਮੀਰ ਭਾਈਚਾਰਾ,
ਜੋ ਦੁੱਖ ਸੁੱਖ ਵਿਚ ਖੜਦਾ।
ਜਿੱਥੇ ਡੁਬਦੇ ਨੂੰ ਡੁੱਬਦਾ ਬਚਾਵੇ,
ਖੂਨ ਇਹ ਪੰਜਾਬ ਦੇਸ਼ ਦਾ।
ਪੂਰੇ ਦੇਸ਼ ਨੂੰ ਬਚਾਇਆ ਸੀ ਪੰਜਾਬ ਨੇ,
ਹੁਣ ਝੂਠਾ ਵੀ ਨਾ ਲਾਰਾ ਸਰਿਆ।
ਭਾਈ ਭਾਈਆਂ ਦੇ ਬਣਾਂਗੇ ਅਸੀਂ ਮੋਢੇ,
ਲੋੜ ਨਹੀਓ ਲੋਟੂਆਂ ਦੀ।
ਜਿੰਨਾ ਸਭ ਕੁਝ ਅਰਪਿਤ ਕੀਤਾ,
ਧੰਨਵਾਦ ਦਾਨੀਆਂ ਦਾ।

ਜਗਤਾਰ ਪੱਖੋ

ਮੇਰਾ ਕਾਤਲ ਹੀ ਮੇਰਾ ਮੁਨਸਫ ਹੈ

ਕਾਤਲ ਹੀ ਕਹਿ ਰਿਹਾ ਮੈਂ ਇਨਸਾਫ ਦਿਆਂਗਾ। ਕਦੇ ਇਓਂ ਹੋਇਆ ਹੋਵੇ ਕਿ ਤੁਹਾਨੂੰ ਕਤਲ ਕਰਨ ਵਾਲਾ ਤੁਹਾਡੇ ਇਨਸਾਫ ਦੇ ਗੇੜ ਵਿੱਚ ਖੁਦ ਹੀ ਫਾਹੇ ਲੱਗ ਗਿਆ ਹੋਵੇ।

ਪੰਜਾਬ ਭੋਲਾ ਹੈ, ਨਿਰਸ਼ਲ, ਜਜਬਾਤੀ। ਇਸੇ ਭੋਲੇਪਨ ਦੀ ਖੂਬਸੂਰਤੀ ਝੋਟੇ ਦੇ ਬਾਪੂ ਵਿਚੋਂ ਬੋਲ ਰਹੀ ਸੀ ਕਿ ਅਮਿਤ ਸ਼ਾਹ ਕਹਿ ਗਿਆ ਇਨਸਾਫ ਦਏਗਾ।

ਇਸ ਇਨਸਾਫ ਲਈ ਕਿੰਨੀ ਅਫਰਸ਼ਾਹੀ ਫਾਹੇ ਟੰਗਣੀ ਪੈਣੀ ਅਤੇ ਉਸ ਤੋਂ ਵੀ ਪਿਛੇ ਪਿਛੇ ਆਓਂਦੀਆਂ ਪੈੜਾਂ ਖੁਦ ਸ਼ਾਹਾਂ ਦੇ ਘਰੀਂ ਹੀ ਜਾ ਵੜਨੀਆਂ ਜੀਹਨਾ ਪੰਜਾਬ ਨੂੰ ਮਿਥ ਕੇ ਮਾਰਨਾ ਸੋਚਿਆ ਹੋਇਆ ਅਤੇ ਇਸ ਮਿੱਥ ਪਿਛੇ ਪੰਜ ਸਦੀਆਂ ਦਾ ਵੈਰ ਖੜਾ ਹੈ ਪੰਡੀਏ ਕਿਆਂ ਦਾ।

ਜੁਗਾਂ ਤੋਂ ਬੰਦੇ ਸਾਡੇ ਬਿਨਾ ਗੁਨਾਹ ਜਿਹਲਾਂ ਅੰਦਰ ਬਿਰਖ ਹੋ ਗਏ ਅਤੇ ਇਹੀ ਇਨਸਾਫੀਆ ਹਾਲਾਂ ਕੱਲ ਕੀ ਬੋਲ ਹਟਿਆ ਓਨਾ ਬਾਰੇ ਕਿਸ ਨੂੰ ਨਹੀ ਪਤਾ।


ਇਹਨਾ ਨਸ਼ਿਆਂ ਅਤੇ ਮਾਫੀਏ ਦੀ ਗੱਲ ਕਰਦਾ ਹੀ ਜਿਤਿਆ ਹੋਇਆ ਬੰਦਾ ਵੀ ਜਿਹਲੋਂ ਬਾਹਰ ਨਹੀ ਆਓਣ ਦਿੱਤਾ ਇਨਸਾਫ ਪਸੰਦਾਂ।

ਦਿੱਤਾ ਵੀ ਤਾਂ ਕੀ ਇਨਸਾਫ ਦੇਣਗੇ। ਅਸ਼ਨਵੀ ਨੂੰ ਫਾਹੇ ਲਾ ਦੇਣਗੇ? ਜਿਸ ਦੀ ਵੀ ਕੋਈ ਸੰਭਾਵਨਾ ਨਹੀ। ਇਥੇ ਜਗਦੀਸ਼ ਟਾਈਟਲਰ ਜਾਂ ਅਰਜਨ ਦਾਸ ਜਾਂ ਕਮਲਨਾਥ ਵਰਗੇ ਸੈਕੜੇ ਬੰਦੇ ਜਿਓਦੇ ਫੂਕ ਦੇਣ ਵਾਲੇ ਤੁਰੇ ਫਿਰਦੇ ਰਹੇ ਨਹੀ ਦੇਖੇ ਤਾਂ ਦੱਸੋ ਅਸ਼ਨੀ ਵਸ਼ਨੀ ਕੀ ਐ।

ਦੋ ਚਾਰ ਪੁਲਸੀਏ ਸਸਪੈਂਡ ਕਰ ਦੇਣਗੇ ਦੋਹ ਇਧਰ ਉਧਰ ਤੇ ਹੋ ਗਿਆ ਇਨਸਾਫ?

ਪਰ ਝੋਟਾ ਲੜਾਈ ਕੀ ਲੜ ਰਿਹਾ ਸੀ ਓਹ ਕਿਧਰ ਗਈ? ਨਸ਼ਿਆਂ ਵਾਲੇ ਟੰਗ ਤੇ ਫਾਹੇ ਫੜ ਫੜ? ਓਨਾ ਦੇ ਪਿਛੇ ਤੇ ਅਗਿਓਂ ਓਨਾ ਦੇ ਤੇ ਫਿਰ ਓਨਾ ਦੇ ਗੋਂਦ ਤਾਂ ਧੁਰ ਦਿਲੀ ਦੇ ਪੈਰਾਂ ਵਿਚ ਹੀ ਆਣ ਡਿਗਣੀ ਹੈ ਤਾਂ ਕਿਓਂ ਕਰਨਗੇ ਇਨਸਾਫ?ਪੰਜਾਬ ਭੋਲਾ ਹੈ ਨਿਹਾਇਤ ਭੋਲਾ ਹੈ।

-ਗੁਰਦੇਵ ਸਿੰਘ ਸੱਧੇਵਾਲੀਆ



DHALIWAL BANQUET HALL







ਅਸੀਂ ਜਿੰਨੇ ਮਰਜੀ ਬੰਦਿਆਂ ਦੀ ਕੇਟਰਿੰਗ ਵੀ ਕਰਦੇ ਹਾਂ

ਅਸੀਂ ਤੁਹਾਡੇ ਘਰ ਤੰਦੂਰ ਲਾ ਕੇ ਕੇਟਰਿੰਗ ਕਰਦੇ ਹਾਂ- ਵੈਜ ਅਤੇ ਨਾਨ ਵੈਜ

ਇੰਡੀਆ ਵਰਗੇ ਖੋਏ ਦੀ ਸਪੈਸ਼ਲ ਬਰਫੀ

ਅਸੀਂ ਹਰ ਤਰ੍ਹਾਂ ਦੇ ਪ੍ਰੋਗਰਾਮਾਂ ਦੀ ਕੇਟਰਿੰਗ ਕਰਦੇ ਹਾਂ 604-598-1165

DHALIWAL BANQUET HALL
TRUSTED QUALITY FOR DECADES
Himalaya Dairy Surrey
604-543-2421

Dhaliwal Banquet Hall
Surrey
604-598-1165
Dhaliwal Sweets
2636 Cedar Park Place
Abbotsford
604.852.2345

Dhaliwal Lounge
York Centre Surrey
604-543-2222
Dhaliwal Sweets
Vancouver
604-325-4911

Dhaliwal Sweets
Surrey
604-596-1312
Dhaliwal Bakery
#104-7790-128 St. Surrey
(Near 78th Ave.)
604-598-8889

www.dhaliwalbanquethall.co

ਸਿਹਤ ਸੰਬੰਧੀ





ਗੁੱਸਾ ਅਤੇ ਹੋਮਿਓਪੈਥੀ

ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ – ਇਹ ਪੰਜ ਮਨੁੱਖੀ ਕਮਜ਼ੋਰੀਆਂ ਹਨ। ਜਦੋਂ ਕੋਈ ਵੀ ਵਿਅਕਤੀ ਗੁੱਸੇ ਦੀ ਸਥਿਤੀ ਵਿੱਚ ਹੁੰਦਾ ਹੈ ਤਾਂ ਉਹ ਆਪਣਾ ਸਵੈ-ਕਾਬੂ ਉਸ ਵਿਅਕਤੀ ਦੇ ਹਵਾਲੇ ਕਰ ਦਿੰਦਾ ਹੈ ਜਿਸ ਉੱਪਰ ਉਸ ਨੂੰ ਗੁੱਸਾ ਆ ਰਿਹਾ ਹੁੰਦਾ ਹੈ। ਮਨੁੱਖ ਸੁਭਾਅ ਪੱਖੋਂ ਗੁੱਸੈਲਾ, ਝਗੜਾਲੂ ਅਤੇ ਵਿਨਾਸ਼ਕਾਰੀ ਪ੍ਰਾਣੀ ਹੈ। ਉਸ ਦੀ ਇਹ ਪ੍ਰਵਿਰਤੀ ਆਮ ਤੌਰ 'ਤੇ ਲੜਾਈ ਝਗੜੇ ਜਾਂ ਵਧੀਕੀ ਕਰਨ ਦੀ ਆਦਤ ਦੇ ਰੂਪ ਵਿੱਚ ਦੇਖੀ ਜਾ ਸਕਦੀ ਹੈ। ਜਿਨ੍ਹਾਂ ਸਥਿਤੀਆਂ ਵਿੱਚ ਗੁੱਸਾ ਆਉਂਦਾ ਹੈ, ਗੁੱਸੈਲਾ ਵਿਅਕਤੀ ਆਪਣੇ ਬਚਾਅ ਅਤੇ ਰੱਖਿਆ ਵਾਸਤੇ ਇਸ ਕੌੜੀ ਭਾਵਨਾ ਨੂੰ ਹਥਿਆਰ ਵਜੋਂ ਵਰਤਦਾ ਹੈ। ਜਿਸ ਤਰ੍ਹਾਂ ਰਿਸ਼ਤੇ-ਨਾਤੇ ਗੁੱਸੇ ਕਾਰਨ ਟੁੱਟਣ ਕਿਨਾਰੇ ਆ ਜਾਂਦੇ ਹਨ, ਉੱਥੇ ਹੀ ਨਫ਼ਰਤ ਆਪਸੀ ਪਿਆਰ ਅਤੇ ਲਗਾਵ ਦੀ ਥਾਂ ਲੈ ਲੈਂਦੀ ਹੈ। ਗੁੱਸੇ ਵਿੱਚ ਆਏ ਵਿਅਕਤੀ ਦੇ ਖ਼ੂਨ ਦਾ ਦੌਰਾ ਤੇਜ਼ ਹੋਣ ਨਾਲ ਉਹ ਆਪਣੇ ਸਰੀਰ ਅੰਦਰ ਅਸਥਾਈ ਤੌਰ 'ਤੇ ਵਧੀ ਹੋਈ ਊਰਜਾ ਅਤੇ ਸ਼ਕਤੀ ਦਾ ਪ੍ਰਗਟਾਵਾ ਕਰਦਾ ਹੈ। ਉਸ ਦੇ ਜਿਸਮ, ਲੱਤਾਂ ਬਾਹਾਂ ਵਿੱਚ ਬਹੁਤ ਤਾਕਤ ਦਾ ਅਹਿਸਾਸ ਹੁੰਦਾ ਹੈ ਅਤੇ ਕਈ ਵਿਅਕਤੀਆਂ ਵਿੱਚ ਗੁੱਸੇ ਕਾਰਣ ਕੰਬਣੀ ਵੀ ਛਿੜ ਜਾਂਦੀ ਹੈ।



ਡਾ. ਸ਼ਵੇਤਾ
MBBS, MD & DHMS (ONT.)
Abbotsford
(604) 304-2236

ਡਾ. ਆਰ.ਐੱਸ. ਸੈਣੀ
(ਹੋਮਿਓਪੈਥ)
Surrey
(604) 502-9579



ਆਮ ਤੌਰ 'ਤੇ ਜਦੋਂ ਗੁੱਸੇ ਨੂੰ ਦਬਾਅ ਕੇ ਰੱਖਿਆ ਜਾਂਦਾ ਹੈ ਅਤੇ ਉਸ ਦਾ ਪ੍ਰਗਟਾਵਾ ਕਰਨ ਦੀ ਥਾਂ ਵਿਅਕਤੀ ਅੰਦਰੋ-ਅੰਦਰ ਸੜਦਾ ਰਹਿੰਦਾ ਹੈ ਤਾਂ ਉਸ ਦਾ ਸਰੀਰ ਇਸ ਬਲਦੀ ਅੱਗ ਨੂੰ ਸਹਾਰ ਨਹੀਂ ਸਕਦਾ। ਇਸ ਸਥਿਤੀ ਵਿੱਚ ਬਾਹਰੀ ਤੌਰ 'ਤੇ ਆਪਣਾ ਸੰਤੁਲਨ ਗਵਾਉਣ ਦੇ ਨਾਲ-ਨਾਲ ਵਿਅਕਤੀ ਅੰਦਰੂਨੀ ਬਿਮਾਰੀਆਂ ਦਾ ਵੀ ਸ਼ਿਕਾਰ ਹੋ ਸਕਦਾ ਹੈ, ਜਿਵੇਂ ਕਿ ਢਿੱਡ ਵਿੱਚ ਐਸਿਡ ਬਣਨਾ ਜਿਸ ਕਾਰਣ ਨਰਮ ਝਿੱਲੀਆਂ ਸੜ ਸਕਦੀਆਂ ਹਨ ਅਤੇ ਢਿੱਡ ਵਿੱਚ ਅਲਸਰ ਬਣ ਸਕਦੇ ਹਨ। ਜਿਸ ਵਿਅਕਤੀ ਨੂੰ ਛੇਤੀ-ਛੇਤੀ ਗੁੱਸਾ ਆਉਂਦਾ ਹੈ ਉਹ ਛੇਤੀ ਢਹਿੰਦੀ ਕਲਾ ਅਤੇ ਘਬਰਾਹਟ ਦਾ ਸ਼ਿਕਾਰ ਹੋ ਜਾਂਦਾ ਹੈ। ਗੁੱਸਾ ਦਬਾਉਣ ਦੀ ਕੋਸ਼ਿਸ਼ ਵਿੱਚ ਕਈ ਵਾਰੀ ਸਰੀਰਕ ਨੁਕਸਾਨ ਵੀ ਹੋ ਸਕਦਾ ਹੈ ਜਿਵੇਂ ਵਧੇ ਹੋਏ ਬਲੱਡ ਪ੍ਰੈਸ਼ਰ ਕਾਰਣ ਦਿਲ ਦੇ ਰੋਗ, ਦਿਮਾਗ ਦੀ ਨਸ ਫਟਣੀ, ਬਹੁਤ ਜ਼ਿਆਦਾ ਸਿਰਦਰਦ ਹੋਣਾ ਜਾਂ ਪੁਰਾਣਾ ਮਾਈਗ੍ਰੇਨ ਉੱਭਰ ਕੇ ਸਮੱਸਿਆ ਬਣ ਜਾਣਾ। ਬੇਇਨਸਾਫ਼ੀ ਦੀਆਂ ਸਥਿਤੀਆਂ, ਬੇਵਜ੍ਹਾ ਦੁਸ਼ਣਬਾਜ਼ੀ ਦਾ ਸਾਹਮਣਾ ਕਰਨਾ ਜਾਂ ਸੱਚੇ ਵਿਅਕਤੀ ਨੂੰ ਝੂਠਾ ਕਰਾਰ ਦੇਣਾ ਗੁੱਸੇ ਅਤੇ ਨਫ਼ਰਤ ਨੂੰ ਜਨਮ ਦਿੰਦਾ ਹੈ।

ਮਨੁੱਖੀ ਸਰੀਰ ਦੇ ਦੋਵੇਂ ਗੁਰਦਿਆਂ ਦੇ ਅੱਗੇ "ਐਡ੍ਰਿਨਲ ਗਲੈਂਡ" ਨਾਂ ਦੀਆਂ ਗ੍ਰੰਥੀਆਂ ਹੁੰਦੀਆਂ ਹਨ। ਸੰਕਟਕਾਲ ਦੌਰਾਨ ਇਨ੍ਹਾਂ ਗ੍ਰੰਥੀਆਂ ਵਿੱਚੋਂ "ਐਡ੍ਰਿਨਲਿਨ" ਨਾਂ ਦਾ ਹਾਰਮੋਨ ਰਿਸਦਾ ਹੈ ਜੋ ਕਿ ਗੁੱਸੇ ਦੀ ਵਜ੍ਹਾ ਬਣਦਾ ਹੈ। ਸਰੀਰ ਉੱਪਰ ਗੁੱਸੇ ਦੇ ਮਾੜੇ ਪ੍ਰਭਾਵ ਵਿਅਕਤੀ ਦੀ ਸਰੀਰਕ ਸੰਵੇਦਨਾ ਉੱਪਰ ਵੀ ਨਿਰਭਰ ਕਰਦੇ ਹਨ। ਯੋਗ ਆਸਣ ਜਾਂ ਧਿਆਨ ਲਗਾਉਣ ਨੂੰ ਗੁੱਸੇ ਦਾ ਇਲਾਜ ਵਧੀਆ ਇਲਾਜ ਮੰਨਿਆ ਗਿਆ ਹੈ। ਪਰ, ਅੱਜ ਦੇ ਯੁਗ ਵਿੱਚ ਗੁੱਸੇ ਦਾ ਡਾਕਟਰੀ ਇਲਾਜ ਵੀ ਸੰਭਵ ਹੈ। ਗੁੱਸੇ ਤੋਂ ਬਚਣ ਲਈ ਧਿਆਨ ਲਾਂਭੇ ਕਰਨਾ ਲਾਜ਼ਮੀ ਹੁੰਦਾ ਹੈ ਅਤੇ ਅਜਿਹਾ ਕਰਨ ਲਈ ਕੁਦਰਤੀ ਨਜ਼ਾਰੀਆਂ ਵੱਲ ਧਿਆਨ ਦੇਣਾ, ਆਪਣਾ ਮਨਪਸੰਦ ਸੰਗੀਤ ਸੁਣਨਾ, ਕਸਰਤ ਕਰਨੀ, ਖੇਡਾਂ ਵਿੱਚ ਹਿੱਸਾ ਲੈਣਾ, ਲੰਮੀ ਸੈਰ, ਵਧੀਆ ਕਿਤਾਬਾਂ ਪੜ੍ਹਨੀਆਂ, ਚੁਟਕਲੇ ਸੁਣਨੇ-ਸੁਣਾਉਣੇ, ਪਾਲਤੂ ਜਾਨਵਰਾਂ ਦਾ ਸੰਗ ਜਾਂ ਚਿਤਰਕਾਰੀ ਜਾਂ ਕੋਈ ਹੋਰ ਮਨਭਾਉਂਦਾ ਕਾਰਜ ਕੀਤਾ ਜਾ ਸਕਦਾ ਹੈ।

ਵੱਖ-ਵੱਖ ਸਥਿਤੀਆਂ ਵਿੱਚ ਵੱਖ-ਵੱਖ ਕਾਰਣਾਂ ਕਰਕੇ ਆਇਆ ਗੁੱਸਾ ਮਨੁੱਖੀ ਸਰੀਰ ਅੰਦਰ ਜਿਹੜੀਆਂ ਬਿਮਾਰੀਆਂ ਪੈਦਾ ਕਰਨ ਦੇ ਸਮਰੱਥ ਹੋ ਸਕਦਾ ਹੈ, ਉਨ੍ਹਾਂ ਬਿਮਾਰੀਆਂ ਦੇ ਇਲਾਜ ਦੀ ਜੜ੍ਹ ਗੁੱਸੇ ਦੇ ਕਾਰਣਾਂ ਵਿੱਚੋਂ ਲੱਭ ਕੇ ਹੋਮਿਓਪੈਥੀ ਦੀ ਢੁੱਕਵੀਂ ਦਵਾਈ ਦੀ ਚੋਣ ਰਾਹੀਂ ਹੋ ਸਕਦੀ ਹੈ। ਹੋਮਿਓਪੈਥ ਆਰ.ਐੱਸ. ਸੈਣੀ ਹਰ ਕੇਸ ਨੂੰ ਵਖਰੇਵੇਂ ਨਾਲ ਵੇਖਦਿਆਂ ਉਪਰੋਕਤ ਦੱਸੇ ਅਨੁਸਾਰ ਪੀੜਤ ਵਿਅਕਤੀ ਦੀ ਮਦਦ ਕਰਦੇ ਹਨ। ਗੁੱਸੇ ਦੀ ਸਥਿਤੀ ਵਿੱਚ ਹੋਮਿਓਪੈਥੀ ਦੀਆਂ ਕੁਝ ਦਵਾਈਆਂ ਜਿਵੇਂ ਕਿ ਕੈਮੋਮੀਲਾ, ਨਕਸਵਾਮੀਕਾ, ਸਟੈਫ਼ੀਸੈਗਰੀਆ ਅਤੇ ਕੋਲੋਸਿੰਥ ਆਦਿ ਲੱਛਣਾਂ ਅਨੁਸਾਰ ਗੁੱਸੈਲੇ ਵਿਅਕਤੀ ਦੇ ਗੁੱਸੇ ਨੂੰ ਠੱਲ੍ਹ ਪਾਉਣ ਵਿੱਚ ਕਾਰਗਰ ਸਿੱਧ ਹੁੰਦੀਆਂ ਹਨ। ਇਨ੍ਹਾਂ ਦਵਾਈਆਂ ਨੂੰ ਆਪਣੇ ਪੱਧਰ 'ਤੇ ਕਦੇ ਵੀ ਨਹੀਂ ਲੈਣਾ ਚਾਹੀਦਾ, ਸਗੋਂ ਪੇਸ਼ਾਵਰ ਹੋਮਿਓਪੈਥ ਦੀ ਸੇਵਾਵਾਂ ਦਾ ਲਾਭ ਲੈਣਾ ਚਾਹੀਦਾ ਹੈ।





ਵੈਨਕੂਵਰ ਦਾ ਸਭ ਤੋਂ ਪਹਿਲਾ
ਪੰਜਾਬੀਆਂ ਦਾ ਜਿਊਲਰੀ ਸਟੋਰ

ਹਾਈ ਕਲਾਸ ਜਿਊਲਰ
ਜਲੰਧਰ ਵਾਲੇ

- ☆ CUSTOM MADE DIAMOND JEWELLERY OF:
- ☆ 10K, 14K,
- ☆ WHITE GOLD & PLATINUM.

Repairing, Polishing & Appraisals

Step-in and see our exclusive collections of Singapore, India, Pakistan and Custom-made 22K Jewellery

OFFICIAL AGENTS OF RADO WATCHES

ਗਹਿਣਿਆਂ ਦੀ ਦੁਨੀਆਂ ਵਿੱਚ ਮਸ਼ਹੂਰ ਨਾਮ ਜਿੱਥੋਂ ਤੁਸੀਂ ਮਨਪਸੰਦ ਜਿਊਲਰੀ ਖਰੀਦ ਸਕਦੇ ਹੋ

6570 - Main St., (Between 49th & 50th) Vancouver BC
Ph: 604-327-3132
FAX: 604-327-0335

ਤੇਰੇ ਯਾਰ ਨੂੰ ਦੱਬਣ ਨੂੰ ਫਿਰਦੇ ਸੀ, ਪਰ ਡੱਗ ਦੱਬਦਾ ਕਿੱਥੇ ਐ!
ਸਰੀ ਦੀ ਸਿਆਸਤ ਵਿੱਚ ਡੱਗ ਮੁਕੱਲਮ ਦੀ ਸ਼ਾਨਦਾਰ ਵਾਪਸੀ:ਪੰਜਾਬੀ ਭਾਈਚਾਰੇ ਦਾ ਵਧਿਆ ਮਾਣ



ਇੰਜ. ਜਗਰੂਪ ਸਿੰਘ ਖੇੜਾ

ਸਰੀ ਦੇ ਸਮੂਹ ਵਸਨੀਕਾਂ ਨੂੰ ਲੱਖ-ਲੱਖ ਵਧਾਈਆਂ, ਜਿਨ੍ਹਾਂ ਨੇ ਆਪਣੀ ਸੂਝ-ਬੂਝ, ਸਿਆਸੀ ਸਮਝ ਅਤੇ ਲੋਕਤੰਤਰੀ ਤਾਕਤ ਦਾ ਸਬੂਤ ਦਿੰਦਿਆਂ ਡੱਗ ਮੁਕੱਲਮ ਦੀ ਅਗਵਾਈ ਵਾਲੀ ਸੇਫ਼ ਸਰੀ ਟੀਮ ਨੂੰ ਸਰੀ ਸਿਟੀ ਹਾਲ ਦੀ ਵਾਗਡੋਰ ਸੌਂਪੀ ਹੈ। ਇਹ ਜਿੱਤ ਸਿਰਫ਼ ਇੱਕ ਸਿਆਸੀ ਟੀਮ ਦੀ ਜਿੱਤ ਨਹੀਂ, ਸਗੋਂ ਲੋਕਾਂ ਦੇ ਭਰੋਸੇ, ਉਮੀਦਾਂ ਅਤੇ ਵਿਕਾਸਮੁਖੀ ਸੋਚ ਦੀ ਜਿੱਤ ਹੈ। ਡੱਗ ਮੁਕੱਲਮ ਦੀ ਵਾਪਸੀ ਨੇ ਸਾਬਤ ਕਰ ਦਿੱਤਾ ਹੈ ਕਿ ਲੋਕਾਂ ਦੇ ਦਿਲਾਂ ਵਿੱਚ ਥਾਂ ਬਣਾਉਣ ਵਾਲੇ ਆਗੂ ਨੂੰ ਸਿਆਸੀ ਵਿਰੋਧ ਦੀਆਂ ਲਹਿਰਾਂ ਆਸਾਨੀ ਨਾਲ ਡੁਬੋ ਨਹੀਂ ਸਕਦੀਆਂ। ਇਸੇ ਭਾਵਨਾ ਨੂੰ ਪ੍ਰਗਟਾਉਂਦਾ ਹੈ ਇਹ ਨਾਅਰਾ— “ਤੇਰੇ ਯਾਰ ਨੂੰ ਦੱਬਣ ਨੂੰ ਫਿਰਦੇ ਸੀ, ਪਰ ਡੱਗ ਦੱਬਦਾ ਕਿੱਥੇ ਐ!”ਡੱਗ ਮੁਕੱਲਮ ਜੀ 2 ਨਵੰਬਰ ਨੂੰ ਪੰਜਵੀਂ ਵਾਰ ਸਰੀ ਦੇ ਮੇਅਰ ਵਜੋਂ ਅਹੁਦਾ ਸੰਭਾਲਣ ਜਾ ਰਹੇ ਹਨ। ਇਹ ਉਨ੍ਹਾਂ ਦੇ ਲੰਮੇ ਸਿਆਸੀ ਤਜਰਬੇ ਅਤੇ ਲੋਕਾਂ ਵੱਲੋਂ ਮੁੜ ਪ੍ਰਗਟਾਏ ਭਰੋਸੇ ਦਾ ਪ੍ਰਤੀਕ ਹੈ। ਚੋਣ ਨਤੀਜਿਆਂ ਨੇ ਇਹ ਵੀ ਦਰਸਾਇਆ ਹੈ ਕਿ ਜਦੋਂ ਲੋਕਾਂ ਨੂੰ ਕਿਸੇ ਆਗੂ ਦੀ ਕਾਰਗੁਜ਼ਾਰੀ ਅਤੇ ਉਸ ਦੇ ਵਾਅਦਿਆਂ ’ਤੇ ਵਿਸ਼ਵਾਸ ਹੋਵੇ, ਤਾਂ ਉਹ ਉਸ ਦੇ ਹੱਕ ਵਿੱਚ ਡਟ ਕੇ ਖੜ੍ਹੇ ਹੁੰਦੇ ਹਨ।

ਪੰਜਾਬੀ ਭਾਈਚਾਰੇ ਲਈ ਮਾਣ ਵਾਲਾ ਪਲ

ਇਸ ਚੋਣ ਦੀ ਇੱਕ ਹੋਰ ਖ਼ਾਸ ਗੱਲ ਪੰਜਾਬੀ ਭਾਈਚਾਰੇ ਦੀ ਮਜ਼ਬੂਤ ਨੁਮਾਇੰਦਗੀ ਹੈ। ਸਾਡੀ ਕਮਿਊਨਿਟੀ ਦੇ ਸਤਿਕਾਰਯੋਗ ਸਰਦਾਰ ਜੰਗੀਰ ਸਿੰਘ ਨਾਗਰਾ ਜੀ ਦੇ ਹੋਣਹਾਰ ਪੁੱਤਰ ਮਨਦੀਪ ਸਿੰਘ ਨਾਗਰਾ ਤੀਜੀ ਵਾਰ ਕੌਂਸਲਰ ਚੁਣੇ ਗਏ ਹਨ ਅਤੇ ਡਿਪਟੀ ਮੇਅਰ ਦੀ ਜ਼ਿੰਮੇਵਾਰੀ ਸੰਭਾਲਣ ਜਾ ਰਹੇ ਹਨ। ਇਹ ਉਨ੍ਹਾਂ ਦੀ ਨਿਰੰਤਰ ਮਿਹਨਤ, ਲੋਕਾਂ ਨਾਲ ਨੇੜਤਾ ਅਤੇ ਸੇਵਾ-ਭਾਵਨਾ ਦਾ ਸਨਮਾਨ ਹੈ। ਇਸ ਦੇ ਨਾਲ ਹੀ ਤੀਜੀ ਵਾਰ ਚੁਣੇ ਗਏ ਡੱਗ ਐਲਫਰਡ, ਦੂਜੀ ਵਾਰ ਚੁਣੀਆਂ ਗਈਆਂ ਲੌਰੀ ਗੁਰੇਰਾ ਅਤੇ ਐਲੀਸਨ ਪੈਟਨ ਨੇ ਵੀ ਆਪਣੀ ਜਿੱਤ ਦਰਜ ਕਰਵਾਈ ਹੈ। ਕੈਨੇਡਾ ਰੈਵੀਨਿਊ ਏਜੰਸੀ (ਫ੍ਰਮ) ਵਿੱਚ 30 ਸਾਲ ਸੇਵਾ ਨਿਭਾ ਚੁੱਕੀ ਮੀਰਾ ਗਿੱਲ ਜੀ ਦਾ ਤਜਰਬਾ ਅਤੇ ਪ੍ਰਸ਼ਾਸਕੀ ਸਮਝ ਸਰੀ ਦੇ ਵਸਨੀਕਾਂ ਲਈ ਲਾਹੇਵੰਦ ਸਾਬਤ ਹੋ ਸਕਦੀ ਹੈ।

ਇਸੇ ਤਰ੍ਹਾਂ ਸਭ ਤੋਂ ਛੋਟੀ ਉਮਰ ਦੀ ਕੌਂਸਲਰ ਸੁਹਾਨਾ ਗਿੱਲ ਦੀ ਜਿੱਤ ਨੌਜਵਾਨ ਪੀੜ੍ਹੀ ਲਈ ਪ੍ਰੇਰਨਾ ਹੈ। ਉਨ੍ਹਾਂ ਦੀ ਸਿੱਖਿਆ, ਨਵੀਂ ਸੋਚ ਅਤੇ ਊਰਜਾ ਸਰੀ ਦੇ ਭਵਿੱਖੀ ਵਿਕਾਸ ਵਿੱਚ ਯੋਗਦਾਨ ਪਾ ਸਕਦੀ ਹੈ। ਚੇਨੀ ਕਲੋਕ ਦਾ ਸ਼ਾਂਤ ਸੁਭਾਅ ਅਤੇ ਲੋਕਾਂ ਦੀਆਂ ਸਮੱਸਿਆਵਾਂ ਸੁਣਨ ਦੀ ਰੁਚੀ ਵੀ ਕੌਂਸਲ ਵਿੱਚ ਉਸਾਰੂ ਮਾਹੌਲ ਬਣਾਉਣ ਵਿੱਚ ਸਹਾਈ ਹੋ ਸਕਦੀ ਹੈ। ਇਸ ਚੋਣ ਵਿੱਚ ਸਭ ਤੋਂ ਵੱਧ ਵੋਟਾਂ ਹਾਸਲ ਕਰਕੇ ਕੌਂਸਲਰ ਬਣੇ ਹੈਰੀ ਬੈਂਸ ਦੀ ਜਿੱਤ ਵੀ ਮਹੱਤਵਪੂਰਨ ਹੈ। ਭਾਵੇਂ ਉਹ ਕਿਸੇ ਹੋਰ ਸਲੇਟ ਤੋਂ ਇਕੱਲੇ ਜੇਤੂ ਰਹੇ ਹਨ, ਪਰ ਲੋਕਾਂ ਦੀਆਂ ਨਜ਼ਰਾਂ ਵਿੱਚ ਉਹ ਵੀ ਸਰੀ ਦੇ ਵਿਕਾਸ ਅਤੇ ਸਮੱਸਿਆਵਾਂ ਦੇ ਹੱਲ ਲਈ ਅਹਿਮ ਭੂਮਿਕਾ ਨਿਭਾ ਸਕਦੇ ਹਨ। ਲੋਕਤੰਤਰ ਦੀ ਖ਼ੂਬਸੂਰਤੀ ਵੀ ਇਹੀ ਹੈ ਕਿ ਚੋਣਾਂ ਤੋਂ ਬਾਅਦ ਸਾਰੇ ਚੁਣੇ ਹੋਏ ਨੁਮਾਇੰਦੇ ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਲੋਕਾਂ ਦੀ ਸੇਵਾ ਕਰਨ। ਇਸ ਵਾਰ ਪੰਜਾਬੀ ਭਾਈਚਾਰੇ ਦੀ ਨੁਮਾਇੰਦਗੀ ਨੇ ਵਿਸ਼ੇਸ਼ ਧਿਆਨ ਖਿੱਚਿਆ ਹੈ। ਚਾਰ ਪੰਜਾਬੀ ਕੌਂਸਲਰਾਂ ਦੀ ਜਿੱਤ ਨੂੰ ਭਾਈਚਾਰੇ ਲਈ ਮਾਣ ਵਾਲੀ ਪ੍ਰਾਪਤੀ ਵਜੋਂ ਦੇਖਿਆ ਜਾ ਰਿਹਾ ਹੈ। ਡੱਗ ਮੁਕੱਲਮ ਨੂੰ ਵੀ ਪੰਜਾਬੀ ਭਾਈਚਾਰੇ ਦੇ ਬਹੁਤ ਸਾਰੇ ਲੋਕ ਪਿਆਰ ਨਾਲ ਆਪਣਾ ਆਗੂ ਮੰਨਦੇ ਹਨ। ਇਸੇ ਲਈ ਕਈਆਂ ਦੀ ਜ਼ੁਬਾਨ ’ਤੇ ਉਨ੍ਹਾਂ ਲਈ ਪਿਆਰ ਨਾਲ “ਡੱਗ ਸਿੰਘ ਮੁਕੱਲਮ” ਦਾ ਨਾਂ ਵੀ ਸੁਣਨ ਨੂੰ ਮਿਲਦਾ ਹੈ। ਇਹ ਸਾਂਝ ਸਿਰਫ਼ ਸਿਆਸਤ ਤੱਕ ਸੀਮਤ ਨਹੀਂ, ਸਗੋਂ ਆਪਸੀ ਵਿਸ਼ਵਾਸ, ਸਤਿਕਾਰ ਅਤੇ ਭਾਈਚਾਰਕ ਸਾਂਝ ਦਾ ਪ੍ਰਤੀਕ ਹੈ।

ਵਾਅਦਿਆਂ ਤੋਂ ਨਤੀਜਿਆਂ ਤੱਕ ਦਾ ਸਫ਼ਰ

ਸਰੀ ਦੇ ਲੋਕਾਂ ਨੇ ਡੱਗ ਮੁਕੱਲਮ ਦੀ ਟੀਮ ਨੂੰ ਭਾਰੀ ਸਮਰਥਨ ਇਸ ਉਮੀਦ ਨਾਲ ਦਿੱਤਾ ਹੈ ਕਿ ਸ਼ਹਿਰ ਦੀਆਂ ਮੁੱਖ ਸਮੱਸਿਆਵਾਂ ਦੇ ਹੱਲ ਲਈ ਠੋਸ ਕਦਮ ਚੁੱਕੇ ਜਾਣਗੇ। ਚੋਣਾਂ ਦੌਰਾਨ ਕੀਤੇ ਵਾਅਦਿਆਂ ਨੂੰ ਅਮਲ ਵਿੱਚ ਲਿਆਉਣਾ ਹੁਣ ਨਵੀਂ ਟੀਮ ਦੀ ਸਭ ਤੋਂ ਵੱਡੀ ਜ਼ਿੰਮੇਵਾਰੀ ਹੋਵੇਗੀ।

ਸਰੀ ਵਿੱਚ ਵਧਦੀ ਆਬਾਦੀ ਦੇ ਮੱਦੇਨਜ਼ਰ ਹਸਪਤਾਲ ਅਤੇ ਸਿਹਤ ਸੇਵਾਵਾਂ ਦਾ ਵਿਸਥਾਰ ਲੋਕਾਂ ਦੀ ਸਭ ਤੋਂ ਅਹਿਮ ਮੰਗਾਂ ਵਿੱਚੋਂ ਇੱਕ ਹੈ। ਮੇਅਰ ਡੱਗ ਮੁਕੱਲਮ ਵੱਲੋਂ ਹਸਪਤਾਲ ਦੀ ਸਹੂਲਤ ਲਈ ਕੀਤੇ ਵਾਅਦੇ ਨੂੰ ਲੋਕਾਂ ਨੇ ਗੰਭੀਰਤਾ ਨਾਲ ਲਿਆ ਹੈ। ਚੋਣ ਜਿੱਤਣ ਤੋਂ ਤੁਰੰਤ ਬਾਅਦ ਸੂਬੇ ਦੇ ਮੁੱਖ ਮੰਤਰੀ ਡੇਵਿਡ ਈਬੀ ਨਾਲ ਇਸ ਮਸਲੇ ਬਾਰੇ ਮੁਲਾਕਾਤ ਕਰਨ ਦੀ ਪਹਿਲ ਇੱਕ ਹਾਂ-ਪੱਖੀ ਸੰਕੇਤ ਹੈ। ਇਸ ਤੋਂ ਇਲਾਵਾ ਸੂਬੇ ਦੀਆਂ ਹੋਰ ਸਿਆਸੀ ਧਿਰਾਂ ਵੱਲੋਂ ਵੀ ਸਿਹਤ ਸਹੂਲਤਾਂ ਦੇ ਵਿਸਥਾਰ ਲਈ ਸਹਿਯੋਗ ਦੀ ਉਮੀਦ ਹੈ।

ਹੁਣ ਲੋੜ ਹੈ ਕਿ ਸੂਬਾਈ ਸਰਕਾਰ, ਸਿਹਤ ਵਿਭਾਗ ਅਤੇ ਸਿਟੀ ਕੌਂਸਲ ਮਿਲ ਕੇ ਅਜਿਹੀ ਯੋਜਨਾ ਤਿਆਰ ਕਰਨ, ਜਿਸ ਨਾਲ ਸਰੀ ਦੇ ਵਸਨੀਕਾਂ ਨੂੰ ਸਮੇਂ ਸਿਰ ਅਤੇ ਆਪਣੇ ਸ਼ਹਿਰ ਵਿੱਚ ਬਿਹਤਰ ਸਿਹਤ ਸੇਵਾਵਾਂ ਮਿਲ ਸਕਣ।

ਸੁਰੱਖਿਅਤ ਸਰੀ ਲਈ ਆਧੁਨਿਕ ਪੁਲਿਸ ਪ੍ਰਬੰਧ

ਸਰੀ ਦੇ ਲੋਕਾਂ ਦੀ ਸੁਰੱਖਿਆ ਵੀ ਇੱਕ ਅਹਿਮ ਮੁੱਦਾ ਹੈ। ਚੋਰੀਆਂ, ਲੁੱਟ-ਖੋਹ ਅਤੇ ਹੋਰ ਅਪਰਾਧਾਂ ਨੂੰ ਰੋਕਣ ਲਈ ਪੁਲਿਸ ਦੀ ਕਾਰਗੁਜ਼ਾਰੀ ਨੂੰ ਹੋਰ ਮਜ਼ਬੂਤ ਕਰਨ ਦੀ ਲੋੜ ਹੈ। ਪੁਲਿਸ ਲਈ ਆਧੁਨਿਕ ਤਕਨੀਕ ਅਤੇ ਹੈਲੀਕਾਪਟਰ ਵਰਗੇ ਸਾਧਨਾਂ ਦੀ ਉਪਲਬਧਤਾ ਨਾਲ ਨਿਗਰਾਨੀ ਅਤੇ ਐਮਰਜੈਂਸੀ ਕਾਰਵਾਈ ਵਿੱਚ ਮਦਦ ਮਿਲ ਸਕਦੀ ਹੈ। ਉਮੀਦ ਹੈ ਕਿ ਨਵੀਂ ਕੌਂਸਲ ਪੁਲਿਸ ਨਾਲ ਤਾਲਮੇਲ ਵਧਾਏਗੀ ਅਤੇ ਅਪਰਾਧ ਰੋਕਥਾਮ, ਨੌਜਵਾਨਾਂ ਦੀ ਸੁਰੱਖਿਆ ਅਤੇ ਲੋਕਾਂ ਦੇ ਭਰੋਸੇ ਨੂੰ ਮਜ਼ਬੂਤ ਕਰਨ ਲਈ ਪ੍ਰਭਾਵਸ਼ਾਲੀ ਕਦਮ ਚੁੱਕੇਗੀ। ਸੁਰੱਖਿਅਤ ਸ਼ਹਿਰ ਹੀ ਖੁਸ਼ਹਾਲ ਸ਼ਹਿਰ ਦੀ ਨੀਂਹ ਹੁੰਦਾ ਹੈ।

ਸਕਾਈਟਰੇਨ ਦਾ ਵਿਸਥਾਰ ਅਤੇ ਆਵਾਜਾਈ ਦੀ ਸਮੱਸਿਆ

ਸਰੀ ਦੀ ਤੇਜ਼ੀ ਨਾਲ ਵਧਦੀ ਆਬਾਦੀ ਨੂੰ ਦੇਖਦਿਆਂ ਜਨਤਕ ਆਵਾਜਾਈ ਦਾ ਵਿਸਥਾਰ ਬਹੁਤ ਜ਼ਰੂਰੀ ਹੈ। ਲੈਂਗਲੀ ਤੱਕ ਸਕਾਈਟਰੇਨ ਦੇ ਵਿਸਥਾਰ ਦਾ ਕੰਮ ਪੂਰਾ ਹੋਣ ਤੋਂ ਬਾਅਦ ਨਿਊਟਨ ਤੱਕ ਸਕਾਈਟਰੇਨ ਲਿਜਾਣ ਦੀ ਯੋਜਨਾ ਨੂੰ ਅੱਗੇ ਵਧਾਉਣ ਲਈ ਲਗਾਤਾਰ ਯਤਨ ਹੋਣੇ ਚਾਹੀਦੇ ਹਨ। ਇਸ ਨਾਲ ਰੋਜ਼ਾਨਾ ਕੰਮਾਂ ਲਈ ਸਫ਼ਰ ਕਰਨ ਵਾਲੇ ਲੋਕਾਂ ਨੂੰ ਰਾਹਤ ਮਿਲੇਗੀ, ਸੜਕਾਂ ਉੱਤੇ ਵਾਹਨਾਂ ਦਾ ਦਬਾਅ ਘਟੇਗਾ ਅਤੇ ਵਾਤਾਵਰਣ ਦੀ ਸੰਭਾਲ ਵਿੱਚ ਵੀ ਮਦਦ ਮਿਲ ਸਕਦੀ ਹੈ। ਨਵੀਂ ਕੌਂਸਲ ਨੂੰ ਸੂਬਾਈ ਸਰਕਾਰ ਅਤੇ ਟ੍ਰਾਂਜ਼ਿਟ ਅਧਿਕਾਰੀਆਂ ਨਾਲ ਤਾਲਮੇਲ ਕਰਕੇ ਇਸ ਦਿਸ਼ਾ ਵਿੱਚ ਠੋਸ ਪ੍ਰਗਤੀ ਲਈ ਯਤਨ ਕਰਨੇ ਚਾਹੀਦੇ ਹਨ।

ਲੋਕਾਂ ਦੀ ਸਿਹਤ ਨਾਲ ਖਿਲਵਾੜ ਬਰਦਾਸ਼ਤ ਨਹੀਂ

ਇੱਕ ਹੋਰ ਚਿੰਤਾਜਨਕ ਮੁੱਦਾ ਬਾਜ਼ਾਰ ਵਿੱਚ ਵਿਕਣ ਵਾਲੀਆਂ ਮਿਠਾਈਆਂ ਅਤੇ ਖਾਣ-ਪੀਣ ਦੀਆਂ ਵਸਤਾਂ ਦੀ ਗੁਣਵੱਤਾ ਹੈ। ਖ਼ਾਸ ਕਰਕੇ ਬਾਹਰੋਂ ਆਉਣ ਵਾਲੀਆਂ ਮਿਠਾਈਆਂ ਦੀ ਗੁਣਵੱਤਾ, ਸਟੋਰੇਜ, ਮਿਆਦ

(ਬਾਕੀ ਸਫਾ ਏ-35 ਤੇ)

PRABH Catering



ਅਸੀਂ ਗੁਰਦੁਆਰਾ, ਮੰਦਰ, ਵਿਆਹ ਸ਼ਾਦੀਆਂ, ਜਾਗੋ ਜਾਂ ਹੋਰ ਕਿਸੇ ਵੀ ਤਰ੍ਹਾਂ ਦੇ ਫੰਕਸ਼ਨ ਤੇ ਵਾਜਿਬ ਕੀਮਤਾਂ ਤੇ ਕੇਟਰਿੰਗ ਵੀ ਕਰਦੇ ਹਾਂ।

Professional Catering on all occasions



ਅਸੀਂ ਘਰਾਂ ਵਿਚ ਲਾਈਵ ਤੰਦੂਰੀ ਕੇਟਰਿੰਗ ਕਰਦੇ ਹਾਂ

Binder: 778.251.6900

604.588.6900

THE GRAND TAJ
BANQUET HALL
Khalsa Business Centre, 84th Ave. & 128th St., Surrey

CATERING SERVICE & MUSIC ARRANGEMENT

Caterings ~ Weddings ~ Engagements ~ Birthdays ~ Conferences & much more

ਗੁਰਦਵਾਰਾ ਸਾਹਿਬ ਦੀ ਕੇਟਰਿੰਗ
ਖਾਸ ਕੀਮਤਾਂ ਤੇ ਲੈਣ ਲਈ ਅੱਜ ਹੀ ਫੋਨ ਕਰੋ

604-599-4342

Fax: 604-599-4818
Email: grandtaj@grandtaj.com
www.grandtaj.com

Our Facilities Are Perfect For:
WEDDINGS * RECEPTION
BIRTHDAY PARTIES
ANNIVERSARIES
CORPORATE FUNCTIONS
BUSINESS MEETINGS

Capacity from 100 to 1200

Ladies Parties Special

THE GRAND EMPIRE

Perfect for Weddings, Parties, Corporate Events & More

604-594-4333

Elegant Spaces
Exceptional Service

#210-12888-80Ave, Surrey



ਨੇਤਾ – ਹਾਂ। ਹੁਣ ਸਹੀ ਸਮਾਂ ਆ ਗਿਆ ਹੈ।
ਜਨਤਾ – ਕੀ ਤੁਸੀਂ ਦੇਸ਼ ਨੂੰ ਲੁੱਟੋਗੇ?
ਨੇਤਾ – ਬਿਲਕੁਲ ਨਹੀਂ।
?ਜਨਤਾ – ਕੀ ਤੁਸੀਂ ਸਾਡੇ ਲਈ ਕੰਮ ਕਰੋਗੇ?
ਨੇਤਾ – ਹਾਂ। ਬਹੁਤ।
?ਜਨਤਾ – ਕੀ ਤੁਸੀਂ ਮਹਿੰਗਾਈ ਵਧਾਓਗੇ?
ਨੇਤਾ – ਇਸ ਬਾਰੇ ਸੋਚੋ ਵੀ ਨਹੀਂ।
?ਜਨਤਾ – ਕੀ ਤੁਸੀਂ ਸਾਨੂੰ ਨੌਕਰੀਆਂ ਦਿਵਾਉਣ ਵਿੱਚ ਮਦਦ ਕਰੋਗੇ?
ਨੇਤਾ – ਹਾਂ। ਬਿਲਕੁਲ।
ਜਨਤਾ – ਕੀ ਤੁਸੀਂ ਦੇਸ਼ ਵਿੱਚ ਧੋਖਾਧੜੀ ਕਰੋਗੇ?
ਨੇਤਾ – ਕੀ ਤੁਸੀਂ ਪਾਗਲ ਹੋ ਗਏ ਹੋ? ਬਿਲਕੁਲ ਨਹੀਂ।
ਜਨਤਾ – ਕੀ ਅਸੀਂ ਤੁਹਾਡੇ 'ਤੇ ਭਰੋਸਾ ਕਰ ਸਕਦੇ ਹਾਂ?
ਨੇਤਾ – ਹਾਂ
–ਨੇਤਾ..ਚੋਣ ਜਿੱਤਣ ਤੋਂ ਬਾਅਦ ਨੇਤਾ ਵਾਪਸ ਆਇਆ ...ਹੁਣ ਤੁਸੀਂ, ਹੇਠਾਂ ਤੋਂ ਉੱਪਰ ਵੱਲ ਨੂੰ ਪੜ੍ਹੋ।

ਇਕ ਡਾਕਟਰ ਅਤੇ ਵਕੀਲ ਦੋਵੇਂ ਇੱਕੋ ਕੁੜੀ ਨੂੰ ਪਿਆਰ ਕਰਦੇ ਸਨ। ਡਾਕਟਰ ਹਰ ਰੋਜ਼ ਇਕ'ਲਾਲ-ਗੁਲਾਬ' ਕੁੜੀ ਨੂੰ ਦਿੰਦਾ ਸੀ, ਜਦਕਿ ਵਕੀਲ ਹਰ ਰੋਜ਼ ਇਕ 'ਸੇਬ' ਤੋਹਫ਼ੇ ਵਿਚ ਦਿੰਦਾ।ਇਕ ਦਿਨ ਕੁੜੀ ਕਨਫਿਊਜ਼ ਹੋ ਗਈ ਅਤੇ ਵਕੀਲ ਨੂੰ ਬੋਲੀ, "ਪਿਆਰ ਵਿਚ ਲਾਲ ਗੁਲਾਬ ਦਾ ਮਤਲਬ ਤਾਂ ਸਮਝ 'ਚ ਆਉਂਦਾ ਹੈ ਪਰ ਪਿਆਰ ਨਾਲ ਸੇਬ ਦਾ ਕੀ ਸਬੰਧ ਹੈ ?"
ਵਕੀਲ ਬੋਲਿਆ, "ਕਿਉਂਕਿ ਹਰ ਰੋਜ਼ ਖਾਧਾ ਇਕ ਸੇਬ ਡਾਕਟਰ ਤੋਂ ਦੂਰ ਰੱਖਦਾ ਹੈ।"

ਦੋ ਦੋਸਤ ਆਪਸ 'ਚ ਗੱਲਾਂ ਕਰ ਰਹੇ ਸਨ ... ਪਹਿਲਾ(ਦੂਜੇਨੂੰ),"ਯਾਰ ! ਇਸ ਜਾਨਲੇਵਾ ਗਰਮੀ ਵਿਚ ਗੰਨੇ ਦਾ ਰਸ, ਨਿੰਬੂ ਪਾਣੀ ਜਾਂ ਲੱਸੀ ਕਿੰਨੀ ਵੀ ਪੀ ਲਓ ਪਰ ਕਲੇਜੇ ਨੂੰ ਠੰਢਕ ਸਿਰਫ ਇਕ ਹੀ ਚੀਜ਼ ਨਾਲ ਪੈਂਦੀ ਹੈ"
ਦੂਜਾ, "ਉਹ ਕਿਹੜੀ ?"
ਪਹਿਲੀ, "ਜਦੋਂ ਪਤਨੀ ਪੇਕੇ ਚਲੀ ਜਾਂਦੀ ਹੈ।

888

ਪਤੀ ਹੱਥ-ਪੈਰ ਛਿਲਵਾ ਕੇ ਤੇ ਇਕ ਅੱਖ ਸੁਜਵਾ ਕੇ ਘਰ ਆਇਆ ਤਾਂ ਪਤਨੀ ਨੇ ਘਬਰਾ ਕੇ ਉਸ ਨੂੰ ਪੁੱਛਿਆ, "ਹਾਏ ਰੱਬਾ ! ਕੀ ਹੋਇਆ ਤੁਹਾਨੂੰ ?" ਪਤੀ, "ਕੁਝ ਨਹੀਂ, ਇਕ ਔਰਤ ਸਕੂਟੀ ਨਾਲ ਟੱਕਰ ਮਾਰ ਕੇ ਨਿਕਲ ਗਈ।"
ਪਤਨੀ, "ਤਾਂ ਉਸ ਦੀ ਸਕੂਟੀ ਦਾ ਨੰਬਰ ਨੋਟ ਕੀਤਾ, ਕੌਣ ਸੀ ਉਹ ? ਕੁਝ ਤਾਂ ਯਾਦ ਹੋਵੇਗਾ ?"
ਪਤੀ, "ਨਹੀਂ, ਦਰਦ ਕਾਰਨ ਸਕੂਟੀ ਦਾ ਰੰਗ ਅਤੇ ਨੰਬਰ ਤਾਂ ਨਹੀਂ ਦੇਖ ਸਕਿਆ ਪਰ ਉਹ ਗੋਰੀ ਅਤੇ ਸੁਨਹਿਰੇ ਵਾਲਾਂ ਵਾਲੀ ਸੀ, ਉਸ ਨੇ ਹਰੇ ਰੰਗ ਦਾ ਸੂਟ ਪਾਇਆ ਸੀ, ਗੁਲਾਬੀ ਰੰਗ ਦੀਆਂ ਚੂੜੀਆਂ, ਲਾਲ ਰੰਗ ਦੀ ਲਿਪਸਟਿਕ, ਕੰਨਾਂ ਵਿਚ ਹੀਰੇ ਦੀਆਂ ਵਾਲੀਆਂ ਸਨ ਅਤੇ ਹੱਥਾਂ ਵਿਚ ਮਹਿੰਦੀ ਲੱਗੀ ਸੀ।" ਇੰਨਾ ਦੱਸਦੇ ਹੀ ਪਤਨੀ ਨੇ ਕੁੱਟ-ਕੁੱਟ ਕੇ ਪਤੀ ਦੀ ਦੂਜੀ ਅੱਖ ਵੀ ਸੁਜਾ ਦਿੱਤੀ।

888

ਇੰਟਰਵਿਊਅਰ (ਆਦਮੀ ਨੂੰ), "ਤੁਸੀਂ ਲੱਖਪਤੀ ਹੋਣ ਦਾ ਸਿਹਰਾ ਕਿਸ ਨੂੰ ਦੇਵੋਗੇ ?" ਆਦਮੀ, "ਜੀ, ਮੈਂ ਇਸ ਦਾ ਸਿਹਰਾ ਆਪਣੀ ਪਤਨੀ ਨੂੰ ਦੇਵਾਂਗਾ।"
ਇੰਟਰਵਿਊਅਰ, "ਵਾਹ ! ਧੰਨ ਹੈ ਉਹ ਔਰਤ ਅੱਛਾ, ਵਿਆਹ ਤੋਂ ਪਹਿਲਾਂ ਤੁਸੀਂ ਕੀ ਸੀ ?"
ਆਦਮੀ, "ਜੀ, ਕਰੋੜਪਤੀ।"

888

ਇਕ ਅਨਪੜ੍ਹ ਨੇਤਾ ਹੈਲਥ ਮਨਿਸਟਰ ਬਣ ਗਿਆ ਤੇ ਬਣਦੇ ਹੀ ਰੋਅਬ ਦਿਖਾਉਣ ਲਈ ਮੀਡੀਆ ਨਾਲ ਇਕ ਹਸਪਤਾਲ 'ਚ ਚਲਾ ਗਿਆ। ਉੱਥੇ ਉਸ ਨੇ ਦੇਖਿਆ ਕਿ ਦੋ ਮਰੀਜ਼ਾਂ ਨੂੰ ਆਕਸੀਜ਼ਨ ਸਿਲੰਡਰ ਲਾਇਆ ਗਿਆ ਹੈ ਤੇ ਤੀਜੇ ਨੂੰ
ਨਹੀਂ।ਮਨਿਸਟਰ ਨੇ ਆਕੜ ਕੇ ਪੁੱਛਿਆ, "ਦੋ ਮਰੀਜ਼' ਸੀ.ਐੱਨ.ਜੀ. 'ਤੇ ਹਨ, ਇਹ ਤੀਜਾ ਕਿਉਂ ਨਹੀਂ ??"
ਡਾਕਟਰ ਨੇ ਮਨਿਸਟਰ ਨੂੰ ਉੱਪਰ ਤੋਂ ਹੇਠਾਂ ਤੱਕ ਦੇਖਿਆ ਤੇ ਸ਼ਾਂਤੀ ਨਾਲ ਬੋਲਿਆ, "ਸਰ! ਦਰਅਸਲ ਇਹ ਮਰੀਜ਼ ਪੈਟਰੋਲ 'ਤੇ ਚੱਲ ਰਿਹਾ ਹੈ।"

ਪੱਪੂ ਇਕ ਡਬਲ ਡੈੱਕਰ ਬੱਸ 'ਚ ਚੜ੍ਹ ਗਿਆ।
ਕੰਡਕਟਰ ਨੇ ਉਸ ਨੂੰ ਉੱਪਰ ਭੇਜ ਦਿੱਤਾ, ਪੱਪੂ ਥੋੜ੍ਹੀ ਹੀ ਦੇਰ ਬਾਅਦ ਹੇਠਾਂ ਆਇਆ ਤੇ ਕੰਡਕਟਰ ਨੂੰ ਬੋਲਿਆ, "ਓਏ ਭਰਾਵਾ ! ਕੀ, ਮਰਵਾਏਂਗਾ ਮੈਨੂੰ।"
ਕੰਡਕਟਰ', "ਕਿਉਂ, ਕੀ ਹੋਇਆ ?"
ਪੱਪੂ, "ਓਏ ! ਉੱਪਰ ਵਾਲੀ ਬੱਸ ੱਚ ਤਾਂ ਡਰਾਈਵਰ ਹੀ ਨਹੀਂ ਹੈ।"

ਭਿਖਾਰੀ (ਆਦਮੀ ਨੂੰ), 'ਰੱਬ ਦੇ ਨਾਂ 'ਤੇ ਕੁਝ ਦੇ ਦਿਓ ਸਾਬ੍ਹ ਜੀ।" ਆਦਮੀ (ਗੁੱਸੇ 'ਚ), "ਸ਼ਰਮ ਨਹੀਂ ਆਉਂਦੀ ਭੀਖ ਮੰਗਦੇ ਹੋਏ, ਕੋਈ ਕੰਮ-ਧੰਦਾ ਕਰ।"
ਭਿਖਾਰੀ, "ਸਾਬ੍ਹ ! ਮੈਂ ਕੋਈ ਆਮ ਭਿਖਾਰੀ ਨਹੀਂ ਹਾਂ। ਮੈਂ"ਰੁਪਏ ਕਮਾਉਣ ਦੇ 100 ਤਰੀਕੇ" ਨਾਮਕ ਕਿਤਾਬ ਲਿਖੀ ਹੈ।" ਆਦਮੀ, "ਤਾਂ ਫਿਰ ਤੂੰ ਭੀਖ ਕਿਉਂ ਮੰਗਦਾ ਹੈਂ ?"
ਭਿਖਾਰੀ, "ਕਿਉਂਕਿ ਇਹ ਉਸ ਕਿਤਾਬ 'ਚ ਦੱਸਿਆ ਗਿਆ ਸਭ ਤੋਂ ਆਸਾਨ ਤਰੀਕਾ ਹੈ।"

ਇਕ ਆਦਮੀ ਪ੍ਰਾਰਥਨਾ ਕਰ ਰਿਹਾ ਸੀ ਤਾਂ ਅਚਾਨਕ ਇਕ ਫਰਿਸ਼ਤਾ ਪ੍ਰਗਟ ਹੋਇਆ ਤੇ ਬੋਲਿਆ, "ਤੇਰੀ ਪ੍ਰਾਰਥਨਾ ਸਵੀਕਾਰ
ਹੋਈ, ਮੰਨਤ ਮੰਗ।"
ਆਦਮੀ, "ਜੀ, ਮੈਨੂੰ ਵਿਆਹੁਤਾ ਤੋਂ ਅਣ-ਵਿਆਹੁਤਾ ਬਣਾ ਦਿਓ।"
ਫਰਿਸ਼ਤਾ ਬੋਲਿਆ, "ਬੇਟਾ ! ਮੈਂ ਮੰਨਤ ਮੰਗਣ ਲਈ ਕਿਹਾ ਹੈ 'ਜੰਨਤ' ਨਹੀਂ।"

ਪੱਪੂ (ਜੂਸ ਵਾਲੇ ਨੂੰ), "ਭਰਾ ! ਜਲਦੀ ਇਕ ਗਲਾਸ ਜੂਸ ਦੇ, ਲੜਾਈ ਹੋਣ ਵਾਲੀ ਹੈ।
ਇਕ ਗਲਾਸ ਜੂਸ ਪੀਣ ਤੋਂ ਬਾਅਦ ...
ਪੱਪੂ, "ਇਕ ਗਲਾਸ ਹੋਰ ਜੂਸ ਦੇ,
ਲੜਾਈ ਹੋਣ ਵਾਲੀ ਹੈ।" ਇਸੇ ਤਰ੍ਹਾਂ
ਜਦੋਂ ਤਿੰਨ-ਚਾਰ ਗਲਾਸ ਜੂਸ ਦੇ ਪੀ ਲਏ ਤਾਂ ਜੂਸ ਵਾਲਾ ਬੋਲਿਆ, "ਓਏ ਭਰਾ । ਲੜਾਈ ਕਦੋਂ ਹੋਵੇਗੀ ?"
ਪੱਪੂ, "ਹੁਣੇ, ਜਦੋਂ ਤੂੰ ਪੈਸੇ ਮੰਗੇਗਾ।"

ਪਤੀ ਮੈਗਜ਼ੀਨ ਪੜ੍ਹਦੇ ਹੋਏ ਪਤਨੀ ਨੂੰ ਬੋਲਿਆ, "ਸੁਣ !ਇਸ ਵਿਚ ਲਿਖਿਆ ਹੈ ਕਿ ਇਕ ਸਰਵੇਖਣ ਅਨੁਸਾਰ 40 ਫ਼ੀਸਦੀ ਲੋਕ ਆਪਣੀਆਂ ਪਤਨੀਆਂ ਤੋਂ ਪ੍ਰੇਸ਼ਾਨ ਹਨ।"
ਪਤਨੀ, "ਅੱਛਾ, ਤੇ ਬਾਕੀ ਦੇ 60 ਫ਼ੀਸਦੀ ਲੋਕਾਂ ਦਾ ਕੀ ?"
ਪਤੀ, "ਬਾਕੀ ਦੇ 60 ਫ਼ੀਸਦੀ ਲੋਕਾਂ ਨੂੰ ਉਨ੍ਹਾਂ ਦੀਆਂ ਪਤਨੀਆਂ ਨੇ ਸਰਵੇਖਣ ਵਿਚ ਹਿੱਸਾ ਹੀ ਨਹੀਂ ਲੈਣ ਦਿੱਤਾ।"

ਬਿਨਾਂ ਦੱਸੇ ਘਰ ਤੋਂ ਗਾਇਬ ਹੋਇਆ ਪਤੀ 30 ਦਿਨਾਂ ਬਾਅਦ ਅਚਾਨਕ ਘਰ ਪਰਤਿਆ.ਉਸ ਨੂੰ ਦੇਖ ਕੇ ਪਤਨੀ ਬੋਲੀ, "ਜੀ, ਕਿੱਥੇ ਚਲੇ ਗਏ ਸੀ, ਮੈਂ ਤੁਹਾਡੇ ਗਮ 'ਚ ਬਿਮਾਰ ਹੋ ਗਈ ਸੀ, ਜੇਕਰ ਮੈਂ ਮਰ ਜਾਂਦੀ ਤਾਂ ?"
ਪਤੀ ਖਿੱਝ ਕੇ ਬੋਲਿਆ, "ਤਾਂ ਮੈਂ ਕਿਹੜਾ ਸ਼ਮਸ਼ਾਨਘਾਟ ਦੀ ਚਾਬੀ ਆਪਣੇ ਨਾਲ ਲੈ ਗਿਆ ਸੀ।"

ਇਕ ਦਿਨ ਪੱਪੂ ਨੂੰ ਦੇਖਣ ਲੜਕੀ ਵਾਲੇ ਆਏ...
ਲੜਕੀ ਵਾਲੇ (ਪੱਪੂ ਦੇ ਪਿਤਾ ਨੂੰ), "ਜੀ,ਤੁਹਾਡੇ ਲੜਕੇ ਨੇ ਕੀ ਕੀਤਾ ਹੈ ?"
ਪੱਪੂ ਦਾ ਪਿਤਾ, "ਜੀ, ਹਾਲੇ ਤਾਂ ਇਸ ਲੜਕੇ ਨੇ ਸਾਡੇ ਨੱਕ 'ਚ ਦਮ ਕੀਤਾ ਹੋਇਆ ਹੈ।
ਸ਼ੋਨੂੰ:- ਤੇਰਾ ਭਰਾ ਅੱਜ-ਕੱਲ੍ਹ ਕੀ ਕਰ ਰਿਹਾ ਹੈ ?
ਮੋਨੂੰ:- ਇੱਕ ਦੁਕਾਨ ਖੋਲ੍ਹੀ ਸੀ, ਪਰ ਹੁਣ ਜੇਲ੍ਹ ਵਿੱਚ ਹੈ।
ਸ਼ੋਨੂੰ: ਉਹ ਕਿਉਂ ?
ਮੋਨੂੰ, ਦੁਕਾਨ ਹਥੌੜੇ ਨਾਲ ਖੋਲ੍ਹੀ ਸੀ।

ਪਤਨੀ ਨੇ ਪਤੀ ਨੂੰ ਥੱਪੜ ਮਾਰ ਦਿੱਤਾ। ਪਤੀ ਤੜਫ ਉੱਠਿਆ ਅਤੇ ਪੁੱਛਣ ਲੱਗਾ, "ਮੈਂ ਕੀ ਗਲਤੀ ਕਰ ਦਿੱਤੀ
ਪਤਨੀ ਬੋਲੀ, "ਤੁਸੀਂ ਕੋਈ ਗਲਤੀ ਕਰੋ, ਉਸ ਦੇ ਲਈ ਮੈਂ ਉਡੀਕ ਥੋੜ੍ਹਾ ਹੀ ਕਰਦੀ ਰਹਾਂਗੀ।"

ਕੁੜੀ, "ਆਈ ਲਵ ਯੂ।
ਮੁੰਡਾ, "ਆਈ ਲਵ ਯੂ ਟੂ।
ਕੁੜੀ:- "ਕਿੰਨਾ ਪਿਆਰ ਕਰਦਾ ਏਂ ਤੂੰ ਮੈਨੂੰ ?"
ਮੁੰਡਾ, "ਜਿੰਨਾ ਤੂੰ ਕਰਦੀ ਏਂ।"
ਕੁੜੀ, "ਕੰਬਖਤ, ਇਸ ਦਾ ਮਤਲਬ ਤੂੰ ਵੀ ਟਾਈਮ ਪਾਸ ਹੀ ਕਰ ਰਿਹਾ ਏਂ।"

ਪਤੀ, "ਭਾਗਵਾਨੇ, ਅੱਜ ਸ਼ਾਮ ਦਾ ਘੁੰਮਣਾ ਕੈਂਸਲ।"
ਪਤਨੀ, "ਅਜਿਹਾ ਹੀ ਸੀ ਤਾਂ ਸਵੇਰੇ ਦੱਸ ਦਿੰਦੇ।"
ਪਤੀ, "ਕਿਉਂ "
ਪਤਨੀ, "ਸਵੇਰ ਤੋਂ ਲੱਗੀ-ਲੱਗੀ ਹੁਣ ਜਾ ਕੇ ਮੇਕਅੱਪ ਖਤਮ ਕੀਤਾ ਸੀ।"

Injured in an accident? ICBC claim?

We can help.

We have professional and experienced staff. We cover all litigation expenses and if there is no recovery, there are no fees to you. Legal services also available in Punjabi, Hindi, Urdu.

ਆਈ.ਸੀ.ਬੀ.ਸੀ. ਅਤੇ ਪਰਸਨਲ ਇੰਜਰੀ ਕਲੇਮ

ਸਾਡੇ ਕੋਲ ਪ੍ਰੋਫੇਸ਼ਨਲ ਅਤੇ ਤਜ਼ਰਬੇਕਾਰ ਸਟਾਫ ਹੈ।
ਮੁਕੱਦਮਾ ਨਾ ਜਿੱਤਣ ਤੇ ਕੋਈ ਫੀਸ ਨਹੀਂ ਲਈ ਜਾਵੇਗੀ।
ਅਸੀਂ ਪੰਜਾਬੀ, ਹਿੰਦੀ ਅਤੇ ਉਰਦੂ ਵਿਚ ਗੱਲ ਕਰਦੇ ਹਾਂ

We handle accident issues related to:
- Brain and spinal cord injuries
- Fatality claims
- Chronic pain
- Soft tissue injuries
- All economic damages and losses
- Slip and fall injuries

For a fair settlement for your claim, call **Mandeep Randhawa** today.

- Member, Law Society of British Columbia
- Member, Canadian Bar Association including sub-section memberships in Civil Litigation and Insurance Law
- Member, Trial Lawyers Association of British Columbia
- Member, Indo-Canadian Business Association
- Speaker for the People's Law School on Personal injury Claims
- BSc (Honours), University of Delhi, 1994
- LLB, University of British Columbia, 1998
- Nominated for the Stanton Award-"Outstanding All Round Graduate over 3 years."
- Admitted to the Bar of British Columbia in 1999



Mandeep Randhawa,
B.Sc., L.L.B (UBC)

TRIAL LAWYERS

MANDEEP RANDHAWA LAW CORPORATION

T 604 449 7500

#200 – 6245 136th Street, Surrey, BC, V3X 1H3

• F 604 449 7501 • TF 1 888 449 7573 • www.rmlawyers.ca

ਸਰੀ ਦੇ ਲੋਕਾਂ ਨੇ ਮਿਉਂਸਪਲ ਚੋਣਾਂ ਦੇ ਚੋਣ ਕਿਆਸੇ ਕੀਤੇ ਰੱਦ

ਸਰੀ: (ਸੁਰਿੰਦਰ ਸਿੰਘ ਜੱਬਲ) ਸਨਿਚਰਵਾਰ 17 ਅਕਤੂਬਰ 2026 ਦੀ ਮਿਉਂਸਪਲ ਚੋਣਾਂ ਵਿਚ ਕੁਝ ਕੁ ਚੋਣ ਅਚਾਰੀਆਂ ਵਾਸਤੇ ਅਚੰਭਤ ਨਤੀਜੇ ਆਏ ਹਨ। ਬਹੁਤ ਸਾਰੇ ਕਿਆਫੇ ਤੇ ਚੋਣ ਸਰਵੇਖਣ ਖੰਭ ਲਾ ਕੇ ਉਡ ਗਏ ਹਨ। ਬ੍ਰਿਟਿਸ਼ ਕੋਲੰਬੀਆ ਵਿਚ ਵੱਡੀ ਅਬਾਦੀ ਵਾਲੇ ਲੋਅਰਮੇਂਨਲੈਂਡ ਏਰੀਏ ਵਿਚ ਵੈਨਕੁਵਰ, ਰਿਚਮੰਡ, ਡੈਲਟਾ, ਨੀਊਵੈਸਟਮਿਨਸਟਰ, ਵੈਸਟ ਵੈਨਕੁਵਰ, ਲੈਂਗਲੀ ਟਾਊਨਸ਼ਿੱਪ, ਲੈਂਗਲੀ ਸਿਟੀ ਤੇ ਸਰੀ ਸ਼ਹਿਰ ਵਿਚੋਂ ਮੌਜੂਦਾ ਸਿਟੀ ਮੇਅਰ ਤੇ ਕੁਝ ਕੁ ਸਿਟੀ ਕਾਉਂਸਲਰ ਵੀ ਵੋਟਰਾਂ ਨੇ ਚਾਰ ਸਾਲਾਂ ਲਈ ਲਾਂਭੇ ਕਰ ਦਿੱਤੇ ਹਨ। ਪੁਰਾਣਿਆਂ ਦੀ ਥਾਂ ਨਵਿਆਂ ਨੂੰ ਲਿਔਣ ਦੇ ਕਾਰਨ ਤਾਂ ਵੱਖ ਵੱਖ ਸ਼ਹਿਰਾਂ ਵਿਚ ਵੱਖਰੇ ਵੱਖਰੇ ਹੋ ਸਕਦੇ ਹਨ। ਆਓ ਅੱਜ ਸਰੀ ਸ਼ਹਿਰ ਦੇ ਚੋਣ ਨਤੀਜਿਆਂ ਤੇ ਜਰਾ ਝਾਤ ਮਾਰ ਕੇ ਦੇਖੀਏ। ਆਮ ਮੁੱਦੇ ਤਾਂ ਪ੍ਰਾਪਰਟੀ ਟੈਕਸਾਂ ਵਿਚ ਕਹਿਰਾਂ ਦਾ ਵਾਧਾ, ਸਰੀ ਪੋਲੀਸ ਲਿਆਉਣ ਦੀ ਮੌਜੂਦਾ ਮੇਅਰ ਦੀ ਵਿਰੋਧੀ ਖਿਚੋਤਾਣ, ਪੁਲੀਸ ਚੀਫ ਦੀ ਆਪਣੇ ਨਾਮਜ਼ਦ ਬੋਰਡ ਮੈਂਬਰਾਂ ਰਾਹੀਂ ਬਿਨਾਂ ਕਾਰਨ ਬਰਖਾਸਤੀ, ਸਿਟੀ ਵਲੋਂ ਬਿਲਡਿੰਗ ਪਰਮਿਟਾਂ ਵਿਚ ਦੇਰੀ ਤੇ ਸਰੀ ਸਿਟੀ ਹਾਲ ਲਈ ਖਰੀਦੀ ਗਈ ਜ਼ਮੀਨ ਉੱਤੇ ਵੋਟਰਾਂ ਤੇ ਉਮੀਦਵਾਰਾਂ ਵਲੋਂ ਉੱਠਣ ਵਾਲੇ ਸੁਆਲ ਕੁੱਝ ਕੁ ਮੇਨ ਮੁੱਦੇ ਸਨ। ਹਰੇਕ ਸਾਲ ਵੱਧ ਰਹੇ ਪ੍ਰਾਪਰਟੀ ਟੈਕਸ ਤੋਂ ਘਰਾਂ ਦੇ ਮਾਲਕ ਬਹੁਤ ਹੀ ਲਾਚਾਰ ਸਨ। ਇਹ ਤਾਂ ਕੁਝਕੁ ਆਮ ਮੁੱਦੇ ਸਨ ਪਰ ਆਓ ਕੁੱਝ ਕੁ ਕਮਿਉਨਿਟੀ ਸਰਵਿਸ ਬਾਰੇ ਰੁਖਤਾ ਹੋ ਗਈ ਮੇਅਰ ਤੇ ਕੌਂਸਲ ਬਾਰੇ ਵੀ ਵਿਚਾਰ ਕਰੀਏ।

ਸਰੀ ਨਿਵਾਸੀਆਂ ਨੂੰ ਸ਼ਾਇਦ ਪਤਾ ਹੋਵੇ ਕਿ ਸਭ ਤੋਂ ਪਹਿਲਾਂ ਬੇਅਰ ਕਰੀਕ ਪਾਰਕ ਦੇ ਬਾਹਰਵਾਰ 84 ਐਵੂਨੀਊ ਨੂੰ 140 ਸਟਰੀਟ ਤੇ ਕਿੰਗ ਜੌਰਜ ਬੁਲਾਵਾਰਡ ਨਾਲ ਮਿਲਾਉਣ ਦੀ ਪਰਖ ਪਹਿਚਾਣ ਕਰਨ ਮਤਾ 2005 ਵਿਚ ਸ਼ੁਰੂ ਹੋ ਗਿਆ ਸੀ ਪਰ ਇਸ ਤੋਂ ਬਾਦ ਪੰਦਰਾਂ ਸੋਲਾਂ ਸਾਲਾਂ ਤਕ ਇਸ ਬਾਰੇ ਕੋਈ ਵੀ ਗੱਲਬਾਤ ਕਰਨ ਦਾ ਕਿਸੇ ਵੀ ਮੇਅਰ ਜਾਂ ਕੌਂਸਲ ਨੇ ਹੀਆ ਨਾ ਕੀਤਾ। ਫਰਵਰੀ 2021 ਵਿਚ ਡੱਗ ਮਕੱਲਮ ਮੇਅਰ ਦੀ ਅਗਵਾਈ ਵਿਚ ਕਾਊਂਸਲਰ ਡੱਗ ਐਲਫਰਡ ਦੀ ਮੋਸ਼ਨ ਨਾਲ ਅਤੇ ਮੰਨਦੀਪ ਨਾਗਰਾ, ਐਲੀਸਨ ਪੈਟਨ ਤੇ ਲਉਰੀ ਗੁਐਰਾ ਦੀ ਮੱਦਦ ਨਾਲ 84 ਐਵੇਨੀਊ ਨੂੰ 140 ਸਟਰੀਟ ਅਤੇ ਕਿੰਗ ਜੌਰਜ ਬੁਲਾਵਾਰਡ ਨਾਲ ਮਿਲਾਉਣ ਦਾ ਕੰਮ ਸ਼ੁਰੂ ਹੋਇਆ। ਵਰਨਣਯੋਗ ਹੈ ਕਿ ਬਰਿੰਡਾ ਲੌਕ ਤੇ ਲਿੰਡਾ ਐਨਿਸ ਨੇ ਇਸ ਦੇ ਖਿਲਾਫ ਵੋਟ ਪਾ ਕੇ ਇਸ ਦਾ ਵਿਰੋਧ ਕੀਤਾ ਸੀ। ਗੁਰਦੁਆਰਾ ਸਾਹਿਬ ਬਰੁੱਕਸਾਈਡ ਦੀ ਸੰਗਤ ਦੀ 84 ਐਵਨਿਊ ਕੌਰੀਡੋਰ ਦੀ ਇਹ ਚਿਰੋਕਣੀ ਮੰਗ ਸੀ ।ਹਰ ਰੋਜ ਦੇ ਪ੍ਰੋਟੈਸਟ ਤੇ ਕੋਰਟ ਵਿਚ ਚੈਲਿੰਜਾਂ ਦੀ ਪ੍ਰਵਾਹ ਨਾ ਕਰਦਿਆਂ ਹੋਇਆਂ ਡੱਗ ਮੈਕੱਲਮ ਨੇ ਇਹ ਕਾਰਜ ਨੇਪਰੇ ਚਾੜ੍ਹਿਆ ਜਿਸ ਨਾਲ ਸਰੀ ਸੇਫ ਕੁਲੀਸ਼ਨ ਦੀ ਤੇ ਬਰੁੱਕਸਾਈਡ ਦੀ ਸਿੱਖ ਸੰਗਤ ਦੀ ਨੇੜਤਾ ਵਧੀ ਕਿਉਂਕਿ ਗੁਰਦੁਆਰਾ ਸਾਹਿਬ ਨੂੰ ਆਉਣ ਜਾਣ ਦਾ ਰਾਹ ਬਹੁਤ ਹੀ ਸੌਖਾ ਹੋ ਗਿਆ।

ਗੁਰਦੁਆਰਾ ਸਾਹਿਬ ਬਰੁਕਸਾਈਡ ਅਤੇ ਲਕਸ਼ਮੀ ਨਰਾਇਣ ਮੰਦਿਰ ਵਿਚਕਾਰ ਸਿਟੀ ਦੀ ਪਾਰਕਿੰਗ ਲੌਟ ਸੀ ਜਿਸ ਤੋਂ ਕਾਰ ਪਾਰਕ ਕਰਕੇ ਬੇਅਰ ਕਰੀਕ ਪਾਰਕ ਨੂੰ ਜਾਣ ਦਾ ਰਸਤਾ ਹੋਇਆ ਕਰਦਾ ਸੀ ਅਤੇ ਅੱਜ ਵੀ ਹੈ। ਇਸ ਪਾਰਕਿੰਗ ਲਾਟ ਨੂੰ ਆਪਣੇ ਖਰਚੇ ਨਾਲ ਵੱਡਿਆਂ ਕਰਨ ਲਈ ਗੁਰਦੁਆਰਾ ਸਾਹਿਬ ਅਤੇ ਮੰਦਿਰ ਨੇ 2014 ਤੋਂ ਸਿਟੀ ਤੇ ਪਾਰਕ ਬੋਰਡ ਨਾਲ ਸੰਪਰਕ ਵੀ ਕੀਤਾ ਪਰ ਸਾਨੂੰ ਦੋਹਾਂ ਸੁਸਾਇਟੀਆਂ ਨੂੰ ਕੋਈ ਕਾਮਯਾਬੀ ਨਹੀਂ ਮਿਲੀ। ਜਦੋਂ ਅਸੀਂ ਡੱਗ ਮਕੱਲਮ ਅਤੇ ਮਨਦੀਪ ਨਾਗਰਾ ਨਾਲ ਸੰਗਤਾਂ ਵਾਸਤੇ ਪਾਰਕਿੰਗ ਦੀ ਮਜਬੂਰੀ ਦੱਸੀ ਤਾਂ ਉਹਨਾਂ ਨੇ ਇਸ ਨੂੰ ਵੱਡਾ ਕਰਨ ਦਾ ਭਰੋਸਾ ਦਿਵਾਇਆ ਤਾਂ ਕਿ ਲੋੜ ਪੈਣ ਤੇ ਸਾਰੇ ਜਾਣੇ ਇਸ ਦਾ ਲਾਭ ਉਠਾ ਸਕਣ। ਇਸ ਨੂੰ ਵੀ ਡੱਗ ਮਕੱਲਮ ਨੇ ਆਪਣੀ ਪਿਛਲੀ ਟਰਮ ਵਿਚ ਪੂਰਾ ਕਰਨ ਦਾ ਬਚਨ ਨਿਭਾਇਆ। ਇਥੇ ਇਕ ਹੋਰ ਵੀ ਗੱਲ ਵਰਨਣਯੋਗ ਹੈ ਕਿ ਡੱਗ ਮਕੱਲਮ ਤੇ ਉਸ ਦੀ ਕੌਂਸਲ ਵਲੋਂ ਇਸ ਪਾਰਕਿੰਗ ਲਾਟ ਨੂੰ ਤਿੰਨ ਸੈਕਸ਼ਨ ਵਿਚ ਵੱਡਾ ਕੀਤਾ ਗਿਆ ਸੀ ਜਦੋਂ ਬਰਿੰਡਾ ਲਾਕ ਮੇਅਰ ਬਣ ਕੇ ਆਈ ਤਾਂ ਉਦੋਂ ਉਸ ਸਮੇ ਪਾਰਕਿੰਗ ਦੀ ਬਲੈਕ ਟੌਪ ਪੇਵਮੈਂਟ ਵਗੈਰਾ ਹੋ ਰਹੀ ਸੀ। ਬਰਿੰਡਾ ਲਾਕ ਨੇ ਉਹ ਬਲੈਕ ਟੌਪ ਸਿਰਫ ਦੋ ਸੈਕਸ਼ਨਾਂ ਵਿਚ ਹੀ ਪੈਣ ਦਿੱਤੀ ਤੇ ਤੀਜੇ ਸੈਕਸ਼ਨ ਵਿਚ ਬਲੈਕ ਟੌਪ ਦੀ ਥਾਂ ਘਾਹ ਲੁਆ ਦਿੱਤਾ ਜਿਸ ਨਾਲ ਤਕਰੀਬਨ 60 ਦੇ ਕਰੀਬ ਘੱਟ ਪਾਰਕਿੰਗ ਜਗ੍ਹਾ ਨਸੀਬ ਹੋਈਆਂ ਤੇ ਇਹ ਘਾਹ ਅਜੇ ਵੀ ਲੱਗਾ ਹੋਇਆ ਹੈ। ਕਮਿਉਨਿਟੀ ਨਾਲ ਕੀਤੇ ਹੋਏ ਭਲੇ ਕੰਮਾਂ ਨੂੰ ਹਰ ਕੋਈ ਯਾਦ ਰੱਖਦਾ ਹੈ ਤੇ ਉਸਦਾ ਫਲ ਜਾਂ ਵਿਰੋਧ ਭੁਗਤਨਾ ਹੀ ਪੈਂਦਾ ਹੈ।

ਹੁਣ ਜੇ ਕਮਿਉਨਿਟੀ ਦੇ ਭਲੇ ਦੀ ਗੱਲ ਚੱਲ ਹੀ ਪਈ ਹੈ ਤਾਂ ਸਰੀ ਫੀਊਨਰਲ ਹੋਮ ਦੀ ਗੱਲ ਵੀ ਕਰ ਹੀ ਲਈਏ। 30 ਅਕਤੂਬਰ 2023 ਨੂੰ ਸਰੀ ਦੀ ਸਿਟੀ ਕੌਂਸਲ ਨੇ ਫੀਊਨਰਲ ਹੋਮ ਬਾਰੇ ਹੋਰ ਲੋੜੀਂਦੀ ਜਾਣਕਾਰੀ ਹਾਸਲ ਕਰਨ ਲਈ ਸਾਰਾ ਮੁਆਮਲਾ ਸਿਟੀ ਸਟਾਫ ਦੇ ਹਵਾਲੇ ਕਰ ਦਿੱਤਾ ਤਾਂ ਕਿ ਫਾਈਵ ਰਿਵਰਜ਼ ਕਮਿਉਨਿਟੀ ਸਰਵਿਸਜ਼ ਸੁਸਾਇਟੀ ਨਾਲ ਇਸ ਸੰਬੰਧੀ ਜ਼ਰੂਰੀ ਮੁਦਿਆਂ

ਨੂੰ ਸਿਟੀ ਪਲੈਨਿੰਗ ਅਨੁਸਾਰ ਹੱਲ ਕੀਤਾ ਜਾ ਸਕੇ। ਪੌਣੇ ਦੋ ਸਾਲ ਦੀ ਡੂੰਘੀ ਘੋਖ ਪਰਘੋਖ ਅਤੇ ਸੰਬੰਧਤ ਮਸਲਿਆਂ ਦਾ ਸਮਾਧਾਨ ਕਰਨ ਤੋਂ ਬਾਦ ਮਾਨਯੋਗ ਪਲੈਨਰ੍ਬਏਰਟੌਰਦਏਲਹਏਦਿਏ ਨੇ ਇਕ 83 ਸਫਿਆਂ ਦੀ ਰੀਪੋਰਟ ਸਿਟੀ ਕੌਂਸਲ ਦੀ ਜਾਣਕਾਰੀ ਲਈ ਤਿਆਰ ਕੀਤੀ ਤਾਂ ਕਿ ਉਸ ਅਨੁਸਾਰ ਪਲੈਨਿੰਗ ਡੀਪਾਰਟਮੈਂਟ ਨੂੰ ਗਾਈਡ ਕਰ ਸਕਣ ਕਿ ਇਸ ਪ੍ਰਾਜੈਕਟ ਨੂੰ ਅੱਗੇ ਵਧਾਉਣ ਲਈ ਹੋਰ ਕੀ ਕੀਤਾ ਜਾਏ? ਸਿਟੀ ਪਲੈਨਿੰਗ ਦੇ ਕੁਝਕੁ ਕਾਰਕੁੰਨਾ ਵਲੋਂ ਬੜੀ ਹੀ ਹੁਸ਼ਿਆਰੀ ਨਾਲ ਇਕ ਹੋਰ ਮੋਸ਼ਨ ਵੀ ਇਜੰਡੇ ਤੇ ਪਾ ਦਿੱਤੀ ਕਿ ਤਾਂ ਇਸ ਪ੍ਰਾਜੈਕਟ ਨੂੰ ਇਥੇ ਹੀ ਖਤਮ ਕਰ ਦਿੱਤਾ ਜਾਵੇ। ਬਰਿੰਡਾ ਲਾਕ ਦੀ ਬਹੁ ਗਿਣਤੀ ਵਾਲੀ ਕੌਂਸਲ ਨੇ 6-2 ਦੀ ਵੋਟ ਨਾਲ 23 ਜੂਨ 2025 ਨੂੰ 9280-168 ਸਟਰੀਟ ਤੇ 13 ਏਕੜਾਂ ਤੇ ਬਨਣ ਵਾਲੇ ੋਨ-ਫਰੋਡਟਿ ਫਰੋਜਏਚਟ ਦਾ ਖਾਤਮਾ ਕਰ ਦਿੱਤਾ ਅਤੇ ਲੋਅਰਮੇਨਲੈਂਡ ਵਿਚੋਂ 12 ਧਾਰਮਿਕ ਸੁਸਾਇਟੀਆਂ ਵਲੋਂ ਕਮਿਉਨਿਟੀ ਦੀ ਅੰਤਿਮ ਲੋੜਾਂ ਲਈ ਬਣਾਈ ਹੋਈ ਹੋਈ ਸੰਸਥਾ ਢਵਿਏ੍ਵਿਏਰਸ ਛੋਮਮੁਨਟਿ ਸ਼ਏਰਵਚਿਏਸ ਸ਼ੋਚਇਟੇ ਨੂੰ ਕੋਈ ਹੋਰ ਜਗ੍ਹਾ ਲੱਭਣ ਲਈ ਆਦੇਸ਼ ਜਾਰੀ ਕਰ ਦਿੱਤੇ।

ਇੰਜ ਲਗਦੈ ਕਿ ਪਲੈਨਿੰਗ ਡੀਪਾਰਟਮੈਂਟ ਦੀ 83 ਪੰਨਿਆਂ ਦੀ ਰੀਪੋਰਟ ਨੂੰ ਇਹਨਾਂ ਕੌਂਸਲ ਮੈਂਬਰਾਂ ਨੇ ਪੜ੍ਹਿਆ ਹੀ ਨਹੀਂ ਸੀ ਸਗੋਂ ਕਿਸੇ ਦੇ ਕਹੇ ਕਹਾਏ ਹੀ ਇਸ ਦਾ ਵਿਰੋਧ ਕਰ ਦਿੱਤਾ। ਇਸ ਪ੍ਰਾਜੈਕਟ ਦੇ ਹੱਕ ਅਤੇ ਵਿਰੋਧ ਵਿਚ ਚਿੱਠੀ ਪੱਤਰ ਅਤੇ ਲਿਖਤੀ ਦਸਤਖਤੀ ਪਟੀਸ਼ਨਾਂ ਦੀ ਹਵਾਲਾ ਵੀ ਦਿੱਤਾ ਹੋਇਆ ਹੈ। ਇਸ ਵਿਚ ਇਹ ਵੀ ਲਿਖਿਆ ਹੋਇਆ ਹੈ ਕਿ "ਸ਼ਟਓਡਡ ਚੋਨਚੁਰ ਟਹਓਟ ਦਏਮਓਨਦ ਸਿ ਹਗਿਹ ਓਨਦ ਡੁਨਏਰਓਲ ਡਓਚਲਿਟਿ ਸਿ ਨਏਏਦਏਦ ਨਿ ਟਹਏ ਛਟਿੋਡ ਸ਼ੁਰਰਏ". ਵਧਾਈ ਦੇ ਪਾਤਰ ਹਨ ਦੋਵੇਂ ਕੌਂਸਲਰ ਮਨੰਦੀਪ ਨਾਗਰਾ ਤੇ ਡੱਗ ਐਲਫਰਡ ਜਿਨ੍ਹਾਂ ਨੇ ਇਸ ਪ੍ਰਾਜੈਕਟ ਨੂੰ ਖਤਮ ਕਰਨ ਲਈ ਵੋਟ ਹਰਗਿਜ਼ ਨਹੀਂ ਪਾਈ ਦੂਜੇ ਮਹਿਨਿਆਂ ਵਿਚ ਇਸ ਜਗ੍ਹਾ ਤੇ ਬਨਾਉਣ ਦੇ ਹੱਕ ਵਿਚ ਸਨ। ਦੂਜੇ ਇਸ ਜਗ੍ਹਾ ਦੀ ਖੂਬੀ ਇਹ ਹੈ ਕਿ ਇਹ ਫੀਊਨਰਲ ਪ੍ਰਾਜੈਕਟ ਤਿੰਨ ਪਾਸਿਆਂ ਤੋਂ ਪਾਣੀ ਅਤੇ ਦਰੱਖਤਾਂ ਨਾਲ ਘਿਰਿਆ ਹੋਇਆ ਹੈ ਤੇ ਮੁਹਰਲੇ ਚੌਥੇ ਪਾਸੇ ਸੜਕ ਆਵਾਜਾਈ ਵਾਸਤੇ ਹੈ। ਕਈ ਸਾਲਾਂ ਦੀ ਮਿਹਨਤ ਬਾਦ 2017 ਵਿਚ ਇਹ ਜਗ੍ਹਾ ਸਿਟੀ ਹਾਲ ਤੋਂ ਪੁਛ ਪੜਤਾਲ ਕਰਕੇ ਹੀ ਖਰੀਦੀ ਗਈ ਸੀ ਤੇ ਸਿਟੀ ਹਾਲ ਦੇ ਕਹਿਣ ਤੇ ਹੀ ਦੋਹਾਂ ਪ੍ਰਾਪਰਟੀਆਂ ਦਾ ਐਡਰੈਸ 9280-168 ਕੀਤਾ ਗਿਆ ਸੀ। ਜਿਨ੍ਹਾਂ ਜਿਨ੍ਹਾਂ ਸਰੀ ਵਾਸੀਆਂ ਨੇ ਇਸ ਪਰਾਜੈਕਟ ਦੇ ਹੱਕ ਵਾਲੀ ਪਟੀਸ਼ਨ ਤੇ ਦਸਖਤ ਕੀਤੇ ਸੀ ਉਹ ਲਗਾਤਾਰ ਪੁੱਛ ਰਹੇ ਸਨ ਕਿ ਉਸ ਦਾ ਕੀ ਬਣਿਆ? ਤਾਂ ਉੱਤਰ ਦੇ ਦਿੱਤਾ ਜਾਂਦਾ ਸੀ ਇਸ ਨੂੰ ਬਰਿੰਡਾ ਲਾਕ ਦੀ ਬਹੁ ਗਿਣਤੀ ਵਾਲੀ ਕੌਂਸਲ ਨੇ ਨਾ ਮਨਜੂਰ ਕਰਕੇ ਕੋਈ ਨਵੀਂ ਜਗ੍ਹਾ ਭਾਲਣ ਦੇ ਆਦੇਸ਼ ਕਰ ਦਿੱਤੇ ਹਨ। ਜਿਸ ਡਰੋਂ ਕੌਂਸਲ ਨੇ ਇਹ ਫੈਸਲਾ ਕੀਤਾ ਸਰੀ ਦੇ ਵੋਟਰਾਂ ਨੇ ਉਹਨਾਂ ਕੌਂਸਲ ਮੈਬਰਾਂ ਤੇ ਮੇਅਰ ਨੂੰ ਬਾਹਰ ਦਾ ਰਸਤਾ ਵਿਖਾ ਦਿੱਤਾ ਹੈ ਤੇ ਜਿਹੜੇ ਮੈਂਬਰਾਂ ਨੇ ਕਮਿਉਨਿਟੀ ਨਾਲ ਖੜ੍ਹਨ ਦਾ ਜੇਰਾ ਕੀਤਾ ਹੈ ਉਸ ਦੀ ਸਾਰੀ ਹੀ ਟੀਮ ਨੂੰ ਸਰੀ ਕੌਂਸਲ ਦੀ ਕੁਰਸੀ ਤੇ ਬਿਠਾ ਦਿੱਤਾ ਹੈ।

